# Fresno ਕਾਉਂਟੀ

ਚੋਣ ਪ੍ਰਸ਼ਾਸਨ ਦੀ ਯੋਜਨਾ

ਡ੍ਰਾਫਟ ਨਵੰਬਰ 2021

ਇਨ੍ਹਾਂ ਦੁਆਰਾ ਜਮ੍ਹਾਂ ਕੀਤੀ ਗਈ:

James A. Kus, Fresno ਕਾਉਂਟੀ ਕਲਰਕ/ਵੋਟਰਾਂ ਦਾ ਰਜਿਸਟਰਾਰ

## ਚੋਣ ਪ੍ਰਸ਼ਾਸਨ ਦੀ ਯੋਜਨਾ

## ਵਿਸ਼ਾ-ਸੂਚੀ


I. ਜਾਣ-ਪਛਾਣ ਅਤੇ ਯੋਜਨਾ ਦਾ ਸਾਰਾਂਸ਼

II. ਵੋਟਰ ਸਿੱਖਿਆ ਅਤੇ ਪਹੁੰਚ ਸੰਬੰਧੀ ਯੋਜਨਾ

A. ਮੀਡਿਆ ਦੀ ਵਰਤੋਂ
B. ਵੋਟਰ ਸਿੱਖਿਆ ਸੰਬੰਧੀ ਵਰਕਸ਼ਾਪਾਂ
C. ਭਾਈਚਾਰੇ ਵਿੱਚ ਆਮ ਮੌਜੂਦਗੀ
D. ਵੋਟਰਾਂ ਨਾਲ ਸਿੱਧਾ ਸੰਪਰਕ
E. ਸਿੱਖਿਆ ਅਤੇ ਪਹੁੰਚ ਸੰਬੰਧੀ ਬਜਟ
F. ਭਾਸ਼ਾ-ਸੰਬੰਧੀ ਘੱਟ-ਗਿਣਤੀ ਭਾਈਚਾਰੇ
G. ਅਸਮਰਥਤਾ ਵਾਲੇ ਵਿਅਕਤੀਆਂ ਦਾ ਭਾਈਚਾਰਾ

III. ਵੋਟ ਕੇਂਦਰ ਮਾਡਲ

A. ਡਾਕ-ਰਾਹੀਂ-ਵੋਟ ਬੈਲਟ
B. ਵੋਟ ਕੇਂਦਰ
C. ਬੈਲਟ ਡ੍ਰੌਪ ਬੌਕਸ
D. ਟੋਲ ਫ੍ਰੀ ਫ਼ੋਨ ਤੱਕ ਪਹੁੰਚ
E. ਅਸਮਰਥਤਾ ਵਾਲੇ ਵੋਟਰਾਂ ਵੱਲੋਂ ਪਹੁੰਚ
F. ਸੁਰੱਖਿਆ/ਅਚਨਚੇਤ ਘਟਨਾ ਲਈ ਯੋਜਨਾ
G. ਲਾਗਤ ਸੰਬੰਧੀ ਬਚਤਾਂ

IV. ਨੱਥੀ-ਦਸਤਾਵੇਜ਼

ਨੱਥੀ-ਦਸਤਾਵੇਜ਼ A – ਇਲੈਕਸ਼ਨ ਕੋਡ ਸੈਕਸ਼ਨ 4005(a) ਅਤੇ ਇਸ ਤੋਂ ਅਗਲੇ/ਯੋਜਨਾ ਲਈ ਪਰਸਪਰ ਸੰਦਰਭ
ਨੱਥੀ-ਦਸਤਾਵੇਜ਼ B – ਟੈਲੀਵਿਜ਼ਨ ਅਤੇ ਰੇਡੀਓ ਸਟੇਸ਼ਨ
ਨੱਥੀ-ਦਸਤਾਵੇਜ਼ C – ਪ੍ਰਿੰਟ ਅਤੇ ਇਲੈਕਟ੍ਰੌਨਿਕ ਮੀਡਿਆ
ਨੱਥੀ-ਦਸਤਾਵੇਜ਼ D – ਭਾਈਚਾਰਕ ਸੰਗਠਨ, ਸ਼ਹਿਰ, ਅਤੇ ਖਾਸ ਜਿਲ੍ਹੇ
ਨੱਥੀ-ਦਸਤਾਵੇਜ਼ E – ਸੋਸ਼ਲ ਮੀਡਿਆ, ਪਤੇ ਅਤੇ ਚੈਨਲ ਸੰਬੰਧੀ ਜਾਣਕਾਰੀ
ਨੱਥੀ-ਦਸਤਾਵੇਜ਼ F – ਭਾਈਚਾਰਕ ਮੀਟਿੰਗਾਂ/ਇਵੈਂਟ
ਨੱਥੀ-ਦਸਤਾਵੇਜ਼ G – ਵੋਟ ਕੇਂਦਰ ਖਾਕਾ ਚਿੱਤਰ
ਨੱਥੀ-ਦਸਤਾਵੇਜ਼ H – ਵੋਟ ਕੇਂਦਰ ਦੀਆਂ ਲੋਕੇਸ਼ਨਾਂ, ਕੰਮਕਾਜੀ ਘੰਟੇ ਅਤੇ ਨਕਸ਼ੇ
ਨੱਥੀ-ਦਸਤਾਵੇਜ਼ I – ਚੋਣ ਬੋਰਡ ਦੇ ਮੈਂਬਰਾਂ ਦੀ ਸੰਖਿਆ/ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ
ਨੱਥੀ-ਦਸਤਾਵੇਜ਼ J – ਬੈਲਟ ਡ੍ਰੌਪ ਬੌਕਸ ਦੀਆਂ ਲੋਕੇਸ਼ਨਾਂ
ਨੱਥੀ-ਦਸਤਾਵੇਜ਼ K – ਯੋਜਨਾ ਵਿੱਚ ਵਰਤੇ ਜਾਂਦੇ ਸੰਖੇਪ ਨਾਮ

## I. ਜਾਣ-ਪਛਾਣ

Fresno ਕਾਉਂਟੀ ਦੀ ਸਥਾਪਨਾ 1856 ਵਿੱਚ ਕੀਤੀ ਗਈ ਸੀ ਅਤੇ ਸ਼ੁਰੂਆਤੀ ਸਾਲਾਂ ਵਿੱਚ ਇੱਥੇ 4,605 ਕਾਉਂਟੀ ਨਿਵਾਸੀ ਸਨ ਅਤੇ ਚੋਣ ਦਾ ਸੰਚਾਲਨ ਹੱਥਾਂ ਨਾਲ ਗਿਣੇ ਜਾਣ ਵਾਲੇ ਕਾਗਜ਼ੀ ਬੈਲਟਾਂ ਨਾਲ ਕੀਤਾ ਗਿਆ ਸੀ। ਕਾਉਂਟੀ ਨੇ 1967 ਵਿੱਚ ਪੰਚ ਕਾਰਡ ਵੋਟਿੰਗ ਪ੍ਰਣਾਲੀ ਦੀ ਵਰਤੋਂ ਕਰਨੀ ਸ਼ੁਰੂ ਕੀਤੀ। ਵੋਟਰ ਰਜਿਸਟਰੇਸ਼ਨ ਵੱਧ ਕੇ 1972 ਵਿੱਚ 200,000 ਅਤੇ 1992 ਵਿੱਚ 300,000 ਤੱਕ ਪਹੁੰਚ ਗਈ ਸੀ। ਕਿਉਂਕਿ ਰਜਿਸਟਰਡ ਵੋਟਰਾਂ ਦੀ ਗਿਣਤੀ ਵੱਧਦੀ ਗਈ ਅਤੇ ਵੋਟਿੰਗ ਪ੍ਰਣਾਲੀ ਦੀਆਂ ਹੋਰ ਕਿਸਮਾਂ ਉਪਲਬਧ ਹੋ ਗਈਆਂ, ਕਾਉਂਟੀ ਨੇ ਪ੍ਰਾਂਤਕ ਪਾਠਕਾਂ ਦੇ ਨਾਲ 1999 ਵਿੱਚ ਇੱਕ ਪੇਪਰ ਸਕੈਨ ਵੋਟਿੰਗ ਪ੍ਰਣਾਲੀ ਦੀ ਸ਼ੁਰੂਆਤ ਕੀਤੀ। 2012 ਤੱਕ, ਵੋਟਰ ਰਜਿਸਟ੍ਰੇਸ਼ਨ ਵੱਧਕੇ 400,000 ਹੋ ਗਈ ਸੀ। 2020-2021 ਦੀਆਂ ਸਰਦੀਆਂ ਵਿੱਚ, Fresno ਕਾਉਂਟੀ ਨੇ ਪਹਿਲੀ ਵਾਰ 500,000 ਰਜਿਸਟਰਡ ਵੋਟਰ ਥ੍ਰੈਸ਼ਹੋਲਡ ਨੂੰ ਪਾਰ ਕੀਤਾ ਅਤੇ 14 ਸਤੰਬਰ, 2021 California ਦੇ ਗਵਰਨਰ ਦੀ ਰੀਕਾਲ ਚੋਣ ਦੌਰਾਨ ਇਸ ਵਿੱਚ 506,684 ਸਰਗਰਮ ਰਜਿਸਟਰਡ ਵੋਟਰ ਸਨ।

ਵੋਟਰਾਂ ਨੂੰ 1962 ਦੀ ਸ਼ੁਰੂਆਤ ਵਿੱਚ ਕੁਝ ਮਾਪਦੰਡਾਂ ਨੂੰ ਪੂਰਾ ਕਰਨ 'ਤੇ ਡਾਕ ਦੁਆਰਾ ਵੋਟ (vote by mail, VBM) ਪਾਉਣ ਦੀ ਇਜਾਜ਼ਤ ਦਿੱਤੀ ਗਈ ਸੀ। 2002 ਵਿੱਚ, ਰਾਜ ਨੇ "ਬਿਨਾਂ ਕਿਸੇ ਖਾਸ ਕਾਰਨ ਦੇ ਡਾਕ ਰਾਹੀਂ ਵੋਟ ਪਾਓ" ਅਪਣਾਇਆ ਤਾਂ ਜੋ ਕੋਈ ਵੀ ਵੋਟਰ ਡਾਕ ਦੁਆਰਾ ਵੋਟ ਪਾਉਣ ਅਤੇ ਸਥਾਈ VBM ਮਤਦਾਤਾ ਬਣਨ ਦਾ ਫ਼ੈਸਲਾ ਕਰ ਸਕੇ। Fresno ਕਾਉਂਟੀ ਵਿੱਚ, 1990 ਵਿੱਚ 20% ਬੈਲਟ ਕਾਸਟ VBM ਤੋਂ ਹੋਏ ਸਨ ਅਤੇ ਨਵੰਬਰ 2018 ਦੀਆਂ ਚੋਣਾਂ ਵਿੱਚ ਇਹ ਗਿਣਤੀ ਹੌਲੀ ਹੌਲੀ 65% ਤੱਕ ਵੱਧ ਗਈ ਹੈ। 2019 ਦੀ ਸ਼ੁਰੂਆਤ ਵਿੱਚ ਹੋਈਆਂ ਵਿਸ਼ੇਸ਼ ਚੋਣਾਂ ਨੇ ਦਿਖਾਇਆ ਕਿ ਕਾਸਟ ਕੀਤੇ ਗਏ 86% ਬੈਲਟ VBM ਬੈਲਟ ਸਨ। ਵੋਟ ਕੀਤੇ ਮੇਲ ਬੈਲਟ VBM ਲਿਫ਼ਾਫ਼ੇ ਵਿੱਚ ਸੀਲ ਹੋਣੇ ਅਤੇ ਵੋਟਰ ਦੁਆਰਾ ਦਸਤਖ਼ਤ ਕੀਤੇ ਹੋਣੇ ਜ਼ਰੂਰੀ ਹਨ। ਹਰੇਕ VBM ਬੈਲਟ ਲਿਫ਼ਾਫ਼ੇ 'ਤੇ ਕੀਤੇ ਦਸਤਖ਼ਤ ਦਾ ਮਿਲਾਨ ਵੋਟਰ ਦੇ ਰਜਿਸਟ੍ਰੇਸ਼ਨ ਦਸਤਖ਼ਤ ਨਾਲ ਕੀਤਾ ਜਾਂਦਾ ਹੈ ਅਤੇ ਗਿਣਨ ਤੋਂ ਪਹਿਲਾਂ ਉਨ੍ਹਾਂ ਦਾ ਮਿਲਣਾ ਲਾਜ਼ਮੀ ਹੁੰਦਾ ਹੈ। 2020 ਵਿੱਚ COVID-19 ਮਹਾਂਮਾਰੀ ਦੇ ਦੌਰਾਨ, California ਵਿਧਾਨ ਸਭਾ ਵੱਲੋਂ ਇਹ ਲੋੜੀਂਦਾ ਕੀਤਾ ਗਿਆ ਕਿ ਸਾਰੇ ਸਰਗਰਮ ਰਜਿਸਟਰਡ ਵੋਟਰਾਂ ਨੂੰ ਇੱਕ ਅਧਿਕਾਰਤ ਬੈਲਟ ਡਾਕ ਰਾਹੀਂ ਭੇਜਿਆ ਜਾਵੇ; ਇਸ ਲੋੜ ਨੂੰ 2021 ਤੱਕ ਵਧਾਇਆ ਗਿਆ ਸੀ ਅਤੇ ਅੰਤ ਵਿੱਚ 2021 ਵਿੱਚ ਅਸੈਂਬਲੀ ਬਿੱਲ 37 ਦੁਆਰਾ ਪੱਕਾ/ਸਥਾਈ ਕਰ ਦਿੱਤਾ ਗਿਆ ਸੀ, ਜਿਸ ਮੁਤਾਬਕ ਇਹ ਲੋੜ ਬਣ ਗਈ ਕਿ ਸਾਰੀਆਂ ਕਾਉਂਟੀਆਂ ਡਾਕ ਰਾਹੀਂ ਅਧਿਕਾਰਤ ਬੈਲਟ ਪ੍ਰਦਾਨ ਕਰਨ, ਚਾਹੇ ਕਾਉਂਟੀ ਨੇ ਕਿਸੇ ਵੀ ਚੋਣ ਮਾਡਲ ਨੂੰ ਅਪਣਾਇਆ ਹੋਵੇ।

2016 ਵਿੱਚ, ਸੈਨੇਟ ਬਿੱਲ 450 ਨੇ ਮਤਦਾਤਾ ਪਸੰਦ ਅਧਿਨਿਯਮ (VCA) ਬਣਾਇਆ। 2018 ਵਿੱਚ, ਪੰਜ ਕਾਉਂਟੀਆਂ ਨੇ VCA (Madera, Napa, Nevada, Sacramento ਅਤੇ San Mateo) ਨੂੰ ਅਪਣਾਇਆ। VCA ਮਾਡਲ ਦੇ ਅਨੁਸਾਰ ਹਰੇਕ ਵੋਟਰ ਨੂੰ ਇੱਕ VBM ਬੈਲਟ ਪ੍ਰਾਪਤ ਹੋਣਾ ਚਾਹੀਦਾ ਹੈ ਅਤੇ ਵੋਟ ਕੇਂਦਰ ਰਵਾਇਤੀ ਪੋਲਿੰਗ ਲੋਕੇਸ਼ਨਾਂ ਦੀ ਥਾਂ ਲੈ ਲੈਣ। ਪ੍ਰਾਂਤਕ ਮਾਡਲ ਦੇ ਤਹਿਤ, ਨਵੰਬਰ 2018 ਵਿੱਚ, Fresno ਕਾਉਂਟੀ ਵਿੱਚ ਇੱਕ ਦਿਨ ਲਈ 268 ਪੋਲਿੰਗ ਸਥਾਨ ਖੁੱਲ੍ਹੇ ਸਨ। VCA ਦੇ ਤਹਿਤ, Fresno ਕਾਉਂਟੀ ਵਿੱਚ ਫ਼ਿਲਹਾਲ 53 ਵੋਟ ਕੇਂਦਰ ਹਨ, ਜਿਨ੍ਹਾਂ ਵਿੱਚੋਂ 10, 11 ਦਿਨਾਂ ਲਈ ਖੁੱਲ੍ਹੇ ਹਨ ਅਤੇ 43 ਵੀਕੈਂਡ, ਛੁੱਟੀਆਂ, ਅਤੇ ਚੋਣ ਦੇ ਦਿਨ ਸਮੇਤ ਚਾਰ ਦਿਨਾਂ ਲਈ ਖੁੱਲ੍ਹੇ ਹਨ (ਨਿਯਮਿਤ ਤੌਰ 'ਤੇ ਰਾਜ ਵਿਆਪੀ ਚੋਣਾਂ ਦੌਰਾਨ)। 65 ਸੁਰੱਖਿਅਤ ਬੈਲਟ ਡ੍ਰੌਪ ਬੌਕਸ ਸਥਾਪਤ ਕੀਤੇ ਗਏ ਹਨ ਜੋ ਚੋਣਾਂ ਵਾਲੇ ਦਿਨ ਸਮੇਤ 29 ਦਿਨਾਂ ਲਈ ਖੁੱਲ੍ਹੇ ਹਨ। Fresno ਕਾਉਂਟੀ ਦੇ ਵੋਟਰ ਘੱਟੋ-ਘੱਟ 53 ਵੋਟ ਕੇਂਦਰਾਂ ਵਿੱਚੋਂ ਕਿਸੇ 'ਤੇ ਵੀ ਵਿਅਕਤੀਗਤ ਤੌਰ 'ਤੇ ਵੋਟ ਪਾਉਣ ਦੀ ਚੋਣ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਮੰਗ ਉੱਤੇ ਬੈਲਟ ਅਤੇ ਵੋਟਰ ਰਜਿਸਟ੍ਰੇਸ਼ਨ ਸਮੇਤ ਉੱਚ ਪੱਧਰੀ ਸੇਵਾ ਪ੍ਰਦਾਨ ਕੀਤੀ ਜਾਵੇਗੀ। ਡਾਕ ਬੈਲਟ ਜਮ੍ਹਾਂ ਕਰਨ ਲਈ ਘੱਟੋ-ਘੱਟ 109 ਲੋਕੇਸ਼ਨਾਂ (53 ਵੋਟ ਕੇਂਦਰ, 65 ਬੈਲਟ ਡ੍ਰੌਪ ਬੌਕਸ, ਅਤੇ ਚੋਣਾਂ ਦਾ ਮੁੱਖ

ਦਫ਼ਤਰ) ਉਪਲਬਧ ਹੋਣਗੀਆਂ। ਵੋਟਰ ਆਪਣੇ VBM ਬੈਲਟਾਂ ਨੂੰ ਡਾਕ ਖਰਚ ਭੁਗਤਾਨ ਕੀਤੀ ਡਾਕ ਰਾਹੀਂ ਵੀ ਭੇਜ ਸਕਦੇ ਹਨ।

VCA ਮਾਡਲ ਸਾਰੇ ਵੋਟਰਾਂ ਨੂੰ ਆਪਣੇ ਬੈਲਟ ਪਾਉਣ ਲਈ ਵਧੇਰੇ ਮੌਕੇ ਪ੍ਰਦਾਨ ਕਰਦਾ ਹੈ। ਵੋਟਰ ਕਿਸੇ ਵੀ ਵੋਟ ਕੇਂਦਰ ਵਿੱਚ ਵੋਟ ਪਾਉਣ ਦੀ ਚੋਣ ਕਰ ਸਕਦੇ ਹਨ ਜੋ ਹਰੇਕ ਵੋਟਰ ਨੂੰ ਪੋਲਿੰਗ ਪਲੇਸ ਮਾਡਲ ਦੇ ਤਹਿਤ 13 ਘੰਟਿਆਂ (ਇੱਕ ਦਿਨ) ਦੇ ਮੁਕਾਬਲੇ ਵੋਟ ਕੇਂਦਰਾਂ ਵਿੱਚ 11-ਦਿਨਾਂ ਦੇ ਵੋਟ ਪਾਉਣ ਦੇ ਮੌਕੇ ਦੇ ਘੱਟ ਤੋਂ ਘੱਟ 93 ਘੰਟੇ ਪ੍ਰਦਾਨ ਕਰਦਾ ਹੈ। ਇਨ੍ਹਾਂ ਵਿਸਤ੍ਰਿਤ ਘੰਟਿਆਂ ਵਿੱਚ ਸ਼ਨੀਵਾਰ-ਐਤਵਾਰ ਅਤੇ ਛੁੱਟੀ ਵਾਲੇ ਦਿਨ ਸ਼ਾਮਲ ਹਨ। ਇਸ ਤੋਂ ਇਲਾਵਾ, ਇਸ ਮਾਡਲ ਵਿੱਚ ਵੋਟਰ ਰਜਿਸਟ੍ਰੇਸ਼ਨ ਸੇਵਾਵਾਂ ਸਾਰੇ ਵੋਟ ਕੇਂਦਰਾਂ 'ਤੇ ਪ੍ਰਦਾਨ ਕੀਤੀਆਂ ਜਾਣਗੀਆਂ, ਜਦਕਿ ਪੋਲਿੰਗ ਪਲੇਸ ਮਾਡਲ ਦੇ ਤਹਿਤ ਇਹ ਸੁਵਿਧਾ ਸਿਰਫ਼ ਇੱਕ ਟਿਕਾਣੇ (ਚੋਣ ਦਫ਼ਤਰ) 'ਤੇ ਉਪਲਬਧ ਹੁੰਦੀ ਸੀ।

ਅਗਸਤ 2018 ਵਿੱਚ, Fresno ਕਾਉਂਟੀ ਨੇ ਨਵੀਂ ਚੋਣ ਪ੍ਰਣਾਲੀ ਵਾਸਤੇ ਪ੍ਰਸਤਾਵ ਲਈ ਬੇਨਤੀ ਜਾਰੀ ਕੀਤੀ। ਮੌਜੂਦਾ ਪ੍ਰਣਾਲੀ ਨੂੰ ਬਦਲਣਾ ਜ਼ਰੂਰੀ ਸੀ ਕਿਉਂਕਿ ਇਹ ਪੁਰਾਣੀ ਹੋ ਚੁੱਕੀ ਸੀ ਅਤੇ ਬਦਲਵੇਂ ਹਿੱਸਿਆਂ ਨੂੰ ਲੱਭਣ ਵਿੱਚ ਮੁਸ਼ਕਲ ਹੁੰਦੀ ਸੀ। ਇਹ ਕਾਰਵਾਈ ਬਹੁਤ ਹੀ ਦੂਰਦਰਸ਼ੀ ਸੀ, ਕਿਉਂਕਿ ਰਾਜ ਨੇ ਉਨ੍ਹਾਂ ਸਾਰੀਆਂ ਵੋਟਿੰਗ ਪ੍ਰਣਾਲੀਆਂ ਨੂੰ ਅਪ੍ਰਮਾਣਿਤ ਕਰ ਦਿੱਤਾ ਸੀ ਜੋ ਮੌਜੂਦਾ ਲੋੜਾਂ ਦੇ ਤਹਿਤ ਪ੍ਰਮਾਣਿਤ ਨਹੀਂ ਸਨ। ਕਾਉਂਟੀ ਨੇ ਇਸ ਗੱਲ ਦੀ ਪੜਚੋਲ ਕਰਨ ਲਈ ਪੰਜ ਭਾਈਚਾਰਕ ਮੀਟਿੰਗਾਂ ਦਾ ਆਯੋਜਨ ਕੀਤਾ ਕਿ ਕੀ Fresno ਕਾਉਂਟੀ ਨੂੰ VCA ਮਾਡਲ ਅਪਣਾਉਣਾ ਚਾਹੀਦਾ ਹੈ, ਜਿਸ ਨਾਲ ਸਾਜ਼ੋ ਸਾਮਾਨ ਦੀ ਖਰੀਦ 'ਤੇ ਅਸਰ ਪਵੇਗਾ। ਭਾਈਚਾਰਕ ਬੈਠਕਾਂ, VCA ਮਾਡਲ ਨੂੰ ਅਪਨਾ ਚੁੱਕੀਆਂ ਪੰਜ ਕਾਉਂਟੀਆਂ, ਰਾਜ ਦੇ ਸਕੱਤਰ ਦਫ਼ਤਰ ਅਤੇ ਤਬਦੀਲੀ ਬਾਰੇ ਸੋਚ ਰਹੀਆਂ ਹੋਰ ਕਾਉਂਟੀਆਂ ਨਾਲ ਗੱਲਬਾਤ ਦੇ ਅਧਾਰ 'ਤੇ, Fresno ਕਾਉਂਟੀ ਕਲਰਕ/ਵੋਟਰਾਂ ਦੇ ਰਜਿਸਟਰਾਰ Brandi Orth ਨੇ ਸੁਪਰਵਾਈਜ਼ਰ ਬੋਰਡ ਨੂੰ ਇਹ ਸਿਫ਼ਾਰਸ਼ ਕੀਤੀ ਕਿ Fresno ਕਾਉਂਟੀ ਨੂੰ VCA ਮਾਡਲ ਅਪਨਾ ਲੈਣਾ ਚਾਹੀਦਾ ਹੈ। ਇਸ ਤਬਦੀਲੀ ਨੂੰ ਮਾਰਚ 2020 ਦੇ ਰਾਸ਼ਟਰਪਤੀ ਦੀਆਂ ਪ੍ਰਾਥਮਿਕ ਚੋਣਾਂ ਦੇ ਨਾਲ ਸ਼ੁਰੂ ਕਰਨ ਲਈ, ਸੁਪਰਵਾਈਜ਼ਰ ਬੋਰਡ ਨੇ 12 ਮਾਰਚ 2019 ਨੂੰ ਵੋਟਿੰਗ ਕੀਤੀ। Fresno ਕਾਉਂਟੀ ਉਨ੍ਹਾਂ ਦਸ ਕਾਉਂਟੀਆਂ ਵਿੱਚੋਂ ਇੱਕ ਸੀ ਜੋ 2020 ਵਿੱਚ VCA ਮਾਡਲ ਵਿੱਚ ਚਲੀਆਂ ਗਈਆਂ ਸਨ, ਗਿਆਰਾਂ ਕਾਉਂਟੀਆਂ 2022 ਵਿੱਚ VCA ਮਾਡਲ ਨੂੰ ਲਾਗੂ ਕਰਨ ਦੀ ਯੋਜਨਾ ਬਣਾ ਰਹੀਆਂ ਸਨ।

ਮਾਰਚ 2020 ਵਿੱਚ, Fresno ਕਾਉਂਟੀ ਨੇ VCA ਮਾਡਲ ਦੇ ਤਹਿਤ ਆਪਣੀ ਪਹਿਲੀ ਚੋਣ ਕਰਵਾਈ। California ਇਲੈਕਸ਼ਨ ਕੋਡ ਦੇ ਸੈਕਸ਼ਨ 4005 ਅਤੇ ਭਾਈਚਾਰੇ ਤੋਂ ਮਿਲੀ ਇਨਪੁੱਟ ਦੇ ਮਾਪਦੰਡਾਂ ਦੇ ਆਧਾਰ 'ਤੇ ਕਾਉਂਟੀ ਭਰ ਵਿੱਚ 53 ਵੋਟ ਕੇਂਦਰ ਅਤੇ 44 ਬੈਲਟ ਡ੍ਰੌਪ ਬੌਕਸ ਵੰਡੇ ਗਏ ਸਨ। 199,118 ਵੋਟਰਾਂ ਨੇ ਚੋਣ ਵਿੱਚ ਹਿੱਸਾ ਲਿਆ, ਜਿਸ ਵਿੱਚ 13.4% ਨੇ ਵੋਟ ਕੇਂਦਰ ਉਪਲਬਧ ਹੋਣ ਦੇ 11 ਦਿਨਾਂ ਦੌਰਾਨ ਵੋਟ ਕੇਂਦਰਾਂ ਦੀ ਵਰਤੋਂ ਕੀਤੀ। COVID-19 ਮਹਾਂਮਾਰੀ ਨੇ ਨਵੰਬਰ 2020 ਦੀਆਂ ਚੋਣਾਂ ਦੇ ਸੰਚਾਲਨ ਸਾਹਮਣੇ ਵਿਲੱਖਣ ਚੁਣੌਤੀਆਂ ਪੇਸ਼ ਕੀਤੀਆਂ ਪਰ VCA ਮਾਡਲ ਨੇ 370,068 ਵੋਟਰਾਂ ਦੀ ਸੁਰੱਖਿਅਤ ਅਤੇ ਸਲਾਮਤ ਵੋਟਿੰਗ ਦੀ ਸਹੂਲਤ ਦਿੱਤੀ, ਜੋ ਕਿ Fresno ਕਾਉਂਟੀ ਵਿੱਚ ਵੀਹ ਸਾਲਾਂ ਦੀ ਸਭ ਤੋਂ ਵੱਧ ਭਾਗੀਦਾਰੀ ਦਰ ਹੈ। ਖਾਸ ਤੌਰ 'ਤੇ, ਨਵੰਬਰ 2020 ਦੀਆਂ ਚੋਣਾਂ ਦੌਰਾਨ 66 ਡਾਕ-ਰਾਹੀਂ-ਵੋਟ ਬੈਲਟ ਡ੍ਰੌਪ ਬੌਕਸਾਂ ਦੁਆਰਾ 160,000 ਤੋਂ ਵੱਧ ਬੈਲਟ ਵਾਪਸ ਪ੍ਰਾਪਤ ਹੋਏ।

Fresno ਕਾਉਂਟੀ ਇਲੈਕਸ਼ਨਜ਼ ਨੇ ਮਾਰਚ 2019 ਵਿੱਚ ਮਤਦਾਤਾ ਪਸੰਦ ਅਧਿਨਿਯਮ ਐਡਵਾਈਜ਼ਰੀ ਕਮੇਟੀ ਦੀ ਸਥਾਪਨਾ ਕੀਤੀ ਸੀ ਅਤੇ ਪਹਿਲਾਂ ਵੀ VAAC (ਵੋਟਰ ਦੀ ਅਸੈਸੇਬਿਲਟੀ ਐਡਵਾਈਜ਼ਰੀ ਕਮੇਟੀ) ਅਤੇ LAAC (ਭਾਸ਼ਾ ਦੀ ਅਸੈਸੇਬਿਲਟੀ ਐਡਵਾਈਜ਼ਰੀ ਕਮੇਟੀ) ਦੀ ਸਥਾਪਨਾ ਕੀਤੀ ਸੀ। ਇਹਨਾਂ ਕਮੇਟੀਆਂ ਨੇ ਕਾਉਂਟੀ ਦੀ 2019 ਚੋਣ ਪ੍ਰਸ਼ਾਸਨ ਦੀ ਯੋਜਨਾ ਲਈ

ਮੁੱਖ ਸਹਾਇਤਾ ਅਤੇ ਵਿਚਾਰ ਪ੍ਰਦਾਨ ਕੀਤੇ। VAAC ਅਤੇ LAAC ਨੇ 2019, 2020, ਅਤੇ 2021 ਦੌਰਾਨ ਲਗਾਤਾਰ ਕੰਮ ਕੀਤਾ, ਅਤੇ ਪੁਨਰ-ਗਠਿਤ VCAAC ਇਸ ਅੱਪਡੇਟ ਕੀਤੇ EAP ਦੇ ਵਿਕਾਸ ਦੀ ਸਹੂਲਤ ਪ੍ਰਦਾਨ ਕਰ ਰਹੀ ਹੈ।

ਭਾਈਚਾਰਕ ਮੀਟਿੰਗਾਂ ਤੋਂ ਪ੍ਰਾਪਤ ਇਨਪੁੱਟ, VAAC, LAAC, ਅਤੇ VCAAC ਨੂੰ ਇਸ ਚੋਣ ਪ੍ਰਸ਼ਾਸਨ ਯੋਜਨਾ (EAP) ਨੂੰ ਵਿਕਸਿਤ ਕਰਨ ਲਈ ਵਿਚਾਰਿਆ ਅਤੇ ਵਰਤਿਆ ਗਿਆ ਸੀ, ਜੋ ਇਸ ਬਾਰੇ ਵਿਸਥਾਰ ਨਾਲ ਦੱਸੇਗੀ ਕਿ ਕਿਵੇਂ Fresno ਕਾਉਂਟੀ, California ਇਲੈਕਸ਼ਨ ਕੋਡ ਸੈਕਸ਼ਨ 4005(a) ਅਤੇ ਇਸ ਤੋਂ ਅਗਲੇ ਦੇ ਮੁਤਾਬਕ ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ ਸਮੇਤ VCA ਨੂੰ ਲਾਗੂ ਕਰਨਾ ਜਾਰੀ ਰੱਖੇਗੀ। ਕੋਡ ਸੈਕਸ਼ਨਾਂ ਅਤੇ ਯੋਜਨਾ ਦੀਆਂ ਲੋੜਾਂ ਦੇ ਸੰਦਰਭ ਲਈ ਨੱਥੀ-ਦਸਤਾਵੇਜ਼ A ਵੇਖੋ।

<u>ਯੋਜਨਾ ਸਾਰਾਂਸ਼:</u> Fresno ਕਾਉਂਟੀ, ਭਾਈਚਾਰੇ ਦੇ ਮੈਂਬਰਾਂ (ਮਤਦਾਤਾ ਪਸੰਦ ਅਧਿਨਿਯਮ ਐਡਵਾਈਜ਼ਰੀ ਕਮੇਟੀ, ਭਾਸ਼ਾ ਦੀ ਐਕਸੈਸੀਬਿਲਿਟੀ ਐਡਵਾਈਜ਼ਰੀ ਕਮੇਟੀ ਅਤੇ ਵੋਟਰ ਦੀ ਅਸੈਸਬਿਲਟੀ ਐਡਵਾਈਜ਼ਰੀ ਕਮੇਟੀ) ਅਤੇ ਹੋਰ ਭਾਈਚਾਰੇ ਦੇ ਪ੍ਰਤਿਨਿਧੀਆਂ ਨਾਲ ਬਣੀਆਂ ਤਿੰਨ ਕਮੇਟੀਆਂ ਦੇ ਨਾਲ ਕੰਮ ਕਰੇਗੀ ਜਿਸ ਦੌਰਾਨ ਅਸੀਂ ਮਤਦਾਤਾ ਪਸੰਦ ਅਧਿਨਿਯਮ ਨੂੰ ਲਾਗੂ ਕਰਨਾ ਜਾਰੀ ਰੱਖ ਰਹੇ ਹਾਂ। ਵੋਟਰ ਸਿੱਖਿਆ ਅਤੇ ਪਹੁੰਚ ਦੇ ਯਤਨਾਂ ਵਿੱਚ ਪ੍ਰਿੰਟ, ਸੋਸ਼ਲ ਮੀਡਿਆ, ਰੇਡੀਓ ਅਤੇ ਟੈਲੀਵਿਜ਼ਨ ਸਮੇਤ ਵੱਖ-ਵੱਖ ਮੀਡਿਆ ਦੀ ਵਰਤੋਂ ਹੋਵੇਗੀ। ਕਾਉਂਟੀ ਅਸਮਰਥਤਾ ਵਾਲੇ ਵੋਟਰਾਂ ਅਤੇ ਅੰਗਰੇਜ਼ੀ ਨਾ ਬੋਲਣ ਵਾਲੇ ਵੋਟਰਾਂ ਨੂੰ ਸ਼ਾਮਲ ਕਰਨ ਲਈ ਵੋਟਰ ਸਿੱਖਿਆ ਵਰਕਸ਼ਾਪਾਂ ਦਾ ਆਯੋਜਨ ਕਰੇਗੀ। ਪ੍ਰਸਤੁਤੀਆਂ ਅਤੇ ਜਾਣਕਾਰੀ ਵੱਖ-ਵੱਖ ਭਾਈਚਾਰਕ ਉਪਰਾਲਿਆਂ 'ਤੇ ਉਪਲਬਧ ਕਰਵਾਈ ਜਾਵੇਗੀ। ਹਰੇਕ ਵੋਟਰ ਨੂੰ ਨਿਯਮਿਤ ਤੌਰ 'ਤੇ ਨਿਰਧਾਰਿਤ ਚੋਣ ਲਈ ਦੋ ਪੱਤਰ ਪ੍ਰਾਪਤ ਹੋਣਗੇ ਜਿਸ ਵਿੱਚ ਦੱਸਿਆ ਹੋਏਗਾ ਕਿ ਸਾਰੇ ਵੋਟਰਾਂ ਨੂੰ ਡਾਕ-ਰਾਹੀਂ-ਵੋਟ ਬੈਲਟ ਪ੍ਰਾਪਤ ਹੋਏਗਾ ਅਤੇ ਉਨ੍ਹਾਂ ਲਈ ਵੋਟ ਪਾਉਣ ਲਈ ਉਪਲਬਧ ਸੇਵਾਵਾਂ ਅਤੇ ਵਿਕਲਪਾਂ ਬਾਰੇ ਵੀ ਦੱਸਿਆ ਹੋਵੇਗਾ। 1965 ਦੇ ਫੈਡਰਲ ਵੋਟਿੰਗ ਰਾਈਟਸ ਐਕਟ ਦੀ ਲੋੜ ਮੁਤਾਬਕ ਸਾਰੇ ਸੰਚਾਰਾਂ ਦਾ ਅਨੁਵਾਦ ਸਪੈਨਿਸ਼ ਵਿੱਚ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਸੁਨੇਹਿਆਂ ਅਤੇ ਵੋਟਰ ਜਾਣਕਾਰੀ ਦਾ California ਚੋਣ ਜ਼ਾਬਤੇ ਦੀ ਲੋੜਾਂ ਮੁਤਾਬਕ ਇਨ੍ਹਾਂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਜਾਵੇਗਾ, ਜਿਨ੍ਹਾਂ ਵਿੱਚ ਵਰਤਮਾਨ ਵਿੱਚ ਸ਼ਾਮਲ ਹਨ: ਪੰਜਾਬੀ, ਹਮੋਂਗ, ਚੀਨੀ, ਕੋਰੀਅਨ, ਖਮੇਰ, ਲਾਓਸ, ਵੀਅਤਨਾਮੀ, ਅਤੇ ਟੈਗਾਲੋਗ (ਸੂਚੀ California ਚੋਣ ਜ਼ਾਬਤੇ ਅਨੁਸਾਰ ਬਦਲ ਸਕਦੀ ਹੈ)। ਇੱਕ ਅੱਪਡੇਟ ਕੀਤੀ VCA ਟੂਲ ਕਿੱਟ ਉਹਨਾਂ ਸੰਗਠਨਾਂ ਨੂੰ ਉਪਲਬਧ ਹੋਏਗੀ ਜੋ ਸਮੱਗਰੀ ਦਾ ਇਸਤੇਮਾਲ ਆਪਣੇ ਭਾਈਚਾਰਿਆਂ ਨੂੰ ਸੂਚਿਤ ਕਰਨ ਲਈ ਕਰ ਸਕਦੇ ਹਨ। ਤਿੰਨ ਕਮੇਟੀਆਂ ਦੀ ਇਨਪੁੱਟ ਅਤੇ ਲੋੜੀਂਦੀਆਂ ਵਿਚਾਰਸ਼ੀਲਤਾਵਾਂ ਦੇ ਨਾਲ, ਕਾਉਂਟੀ ਮੌਜੂਦਾ ਅਤੇ ਸੰਭਾਵੀ ਵੋਟ ਕੇਂਦਰ ਅਤੇ ਡ੍ਰੌਪ ਬੌਕਸ ਲੋਕੇਸ਼ਨਾਂ ਦਾ ਮੁਲਾਂਕਣ ਕਰਨਾ ਜਾਰੀ ਰੱਖੇਗੀ। ਹਰੇਕ ਵੋਟ ਕੇਂਦਰ ਪਹੁੰਚਯੋਗ ਹੋਵੇਗਾ ਅਤੇ ਉੱਚ ਪੱਧਰੀ ਸੇਵਾ ਪ੍ਰਦਾਨ ਕਰੇਗਾ ਜਿਸ ਵਿੱਚ ਮੰਗ ਕਰਨ 'ਤੇ ਬੈਲਟ ਸ਼ਾਮਲ ਹਨ ਤਾਂ ਜੋ Fresno ਕਾਉਂਟੀ ਦੇ ਵੋਟਰ ਕਿਸੇ ਵੀ ਵੋਟ ਕੇਂਦਰ ਵਿੱਚ ਵੋਟ ਪਾ ਸਕਣ। ਦੱਸ ਵੋਟ ਕੇਂਦਰ 11 ਦਿਨਾਂ ਲਈ ਅਤੇ ਬਾਕੀ ਦੇ 4 ਦਿਨਾਂ ਲਈ ਖੁੱਲ੍ਹੇ ਹੋਣਗੇ ਜਿਸ ਵਿੱਚ ਵੀਕੈਂਡ, ਛੁੱਟੀ ਵਾਲੇ ਦਿਨ ਅਤੇ ਚੋਣ ਦਾ ਦਿਨ ਸ਼ਾਮਲ ਹੈ। ਬੈਲਟ ਡ੍ਰੌਪ ਬੌਕਸ ਚੋਣ ਤੋਂ 29 ਦਿਨ ਪਹਿਲਾਂ ਖੋਲ੍ਹੇ ਜਾਣਗੇ।

## II. ਵੋਟਰ ਸਿੱਖਿਆ ਅਤੇ ਪਹੁੰਚ ਸੰਬੰਧੀ ਯੋਜਨਾ

Fresno ਕਾਉਂਟੀ 15 ਸ਼ਹਿਰਾਂ, ਬਹੁਤ ਸਾਰੇ ਗੈਰ-ਨਿਗਮਿਤ ਭਾਈਚਾਰਿਆਂ ਅਤੇ ਪੇਂਡੂ ਖੇਤਰਾਂ ਵਾਲੀ ਇੱਕ ਵਿਵਿਧ ਕਾਉਂਟੀ ਹੈ। ਵੋਟਰ ਸਿੱਖਿਆ ਅਤੇ ਪਹੁੰਚ ਨੂੰ ਵੋਟਰ ਦੀ ਸ਼ਮੂਲੀਅਤ ਵਧਾਉਣ ਲਈ ਅਤੇ ਇਹ ਯਕੀਨੀ ਬਣਾਉਣ ਕਈ ਤਰ੍ਹਾਂ ਦੇ

ਤਰੀਕਿਆਂ ਦੀ ਵਰਤੋਂ ਕਰਕੇ ਪ੍ਰਦਾਨ ਕੀਤਾ ਜਾਏਗਾ ਕਿ ਵੋਟਰ ਅਤੇ ਸੰਭਾਵੀ ਵੋਟਰ ਉਚਿਤ ਭਾਸ਼ਾ ਵਿਚ ਵੱਖ-ਵੱਖ ਰੂਪਾਂ ਵਿੱਚ ਬਹੁਤ ਸਾਰੇ ਸੰਚਾਰ ਪ੍ਰਾਪਤ ਕਰਨ।

Fresno ਕਾਉਂਟੀ ਭਾਈਚਾਰੇ ਨਾਲ ਸੰਚਾਰ ਕਰਨ ਦੇ ਯਤਨਾਂ ਨੂੰ ਵਧਾਉਣ ਲਈ ਭਾਈਚਾਰਕ ਸੰਗਠਨਾਂ, ਮੀਡਿਆ ਪ੍ਰਤੀਨਿਧੀਆਂ ਅਤੇ ਸੰਚਾਰ ਮਾਹਰਾਂ ਦੀ ਸਹਾਇਤਾ ਪ੍ਰਾਪਤ ਕਰੇਗੀ।

**A.** ਸੋਸ਼ਲ ਮੀਡੀਆ, ਅਖਬਾਰਾਂ, ਰੇਡੀਓ ਅਤੇ ਟੈਲੀਵਿਜ਼ਨ ਸਮੇਤ ਮੀਡਿਆ ਦੀ ਵਰਤੋਂ

1. ਜਨਤਕ ਸੇਵਾ ਘੋਸ਼ਣਾਵਾਂ: ਕਾਉਂਟੀ ਨੇ ਮਾਰਚ 2020 ਦੀਆਂ ਚੋਣਾਂ ਤੋਂ ਪਹਿਲਾਂ ਰੇਡੀਓ ਅਤੇ ਟੈਲੀਵਿਜ਼ਨ ਲਈ ਜਨਤਕ ਸੇਵਾ ਘੋਸ਼ਣਾਵਾਂ (PSAs) ਵਿਕਸਿਤ ਕੀਤੀਆਂ ਸਨ ਅਤੇ COVID-19 ਤੋਂ ਪ੍ਰਭਾਵਿਤ ਨਵੰਬਰ 2020 ਦੀਆਂ ਚੋਣਾਂ ਲਈ ਉਹਨਾਂ PSAs ਦਾ ਦੁਹਰਾਅ ਤਿਆਰ ਕੀਤਾ। ਕਾਉਂਟੀ 2022 ਅਤੇ 2024 ਵਿੱਚ ਪ੍ਰਮੁੱਖ ਚੋਣ ਚੱਕਰਾਂ ਦੌਰਾਨ, ਪਿਛਲੀਆਂ ਸਫਲ ਸਮੱਗਰੀਆਂ ਨੂੰ ਅੱਗੇ ਵਧਾਉਂਦੇ ਹੋਏ, PSAs ਦੇ ਨਵੇਂ ਦੁਹਰਾਅ ਨੂੰ ਵਿਕਸਤ ਕਰਨਾ ਜਾਰੀ ਰੱਖੇਗੀ, ਤਾਂਕਿ ਉਨ੍ਹਾਂ ਨੂੰ ਕਾਉਂਟੀ ਦੇ ਵੱਖ-ਵੱਖ ਰੇਡੀਓ ਅਤੇ ਟੈਲੀਵਿਜ਼ਨ ਸਟੇਸ਼ਨਾਂ ਨੂੰ ਵੰਡਿਆ ਜਾ ਸਕੇ। PSAs ਆਮ ਤੌਰ 'ਤੇ ਵੋਟਰਾਂ ਨੂੰ ਆਉਣ ਵਾਲੀਆਂ ਚੋਣਾਂ ਅਤੇ ਵੱਖ-ਵੱਖ ਵੋਟਿੰਗ ਵਿਕਲਪਾਂ ਬਾਰੇ ਸੂਚਿਤ ਕਰਦੇ ਹੋਏ ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ ਦਾ ਪ੍ਰਚਾਰ ਕਰਨਗੇ। PSAs ਵੋਟਰਾਂ ਨੂੰ ਇੱਕ ਪਹੁੰਚਯੋਗ ਰੂਪ ਵਿੱਚ ਡਾਕ-ਰਾਹੀਂ-ਵੋਟ ਬੈਲਟ ਦੀ ਉਪਲਬਧਤਾ ਬਾਰੇ ਅਤੇ ਅਜਿਹੀ ਬੈਲਟ ਦੀ ਬੇਨਤੀ ਕਰਨ ਦੀ ਪ੍ਰਕਿਰਿਆ ਬਾਰੇ ਸੂਚਿਤ ਕਰੇਗੀ। PSAs ਨੂੰ ਅੰਗਰੇਜ਼ੀ, ਸਪੈਨਿਸ਼, ਪੰਜਾਬੀ, ਹਮੋਂਗ, ਚੀਨੀ, ਕੋਰੀਅਨ, ਖਮੇਰ, ਲਾਓਸ ਵਿਯਤਨਾਮੀ ਅਤੇ ਟੈਗਾਲੋਗ ਵਿੱਚ ਵਿਕਸਿਤ ਕੀਤਾ ਜਾਏਗਾ ਅਤੇ ਸੋਸ਼ਲ ਮੀਡਿਆ 'ਤੇ ਵਰਤਿਆ ਜਾਏਗਾ। LAAC, VAAC ਅਤੇ VCAAC ਨੂੰ PSAs ਦੀ ਸਮੱਗਰੀ ਅਤੇ ਅਨੁਵਾਦ ਦੇ ਸੰਬੰਧ ਵਿੱਚ ਵਿਚਾਰ-ਵਟਾਂਦਰਾ ਕੀਤਾ ਜਾਏਗਾ।

ਟੈਲੀਵਿਜ਼ਨ ਅਤੇ ਰੇਡੀਓ ਸਟੇਸ਼ਨਾਂ ਦੀ ਸੂਚੀ ਲਈ ਨੱਥੀ-ਦਸਤਾਵੇਜ਼ B ਵੇਖੋ।

2. ਪ੍ਰਿੰਟ ਕੀਤੇ ਸੁਨੇਹੇ: ਕਾਉਂਟੀ ਨੇ ਅਖਬਾਰਾਂ, ਨਿਊਜ਼ਲੈਟਰਾਂ, ਫਲਾਇਰਾਂ, ਅਤੇ ਇਨਸਰਟਾਂ ਵਿੱਚ ਵਰਤੇ ਜਾਣ ਲਈ ਕਈ ਵੱਖ-ਵੱਖ ਪ੍ਰਿੰਟ ਸੁਨੇਹੇ ਵਿਕਸਿਤ ਕੀਤੇ ਹਨ। ਪ੍ਰਿੰਟ ਕੀਤੀ ਸਮੱਗਰੀ ਦੀ ਵੰਡ ਲਈ Fresno Bee, ਕਈ ਭਾਈਚਾਰਕ ਸੰਗਠਨਾਂ, ਅਤੇ Fresno ਕਾਉਂਟੀ ਦੇ ਜ਼ਿਆਦਾਤਰ ਸ਼ਹਿਰਾਂ ਨਾਲ ਭਾਈਵਾਲੀ ਸਥਾਪਤ ਕੀਤੀ ਗਈ ਸੀ। 2022 ਦੇ ਚੋਣ ਚੱਕਰ ਨੂੰ ਮੁੱਖ ਰੱਖਦੇ ਹੋਏ ਕਾਉਂਟੀ ਲਈ ਭਾਈਚਾਰਕ ਸੰਗਠਨਾਂ ਦੇ ਨਾਲ ਭਾਈਵਾਲੀ ਦਾ ਵਿਸਤਾਰ ਕਰਨਾ ਇੱਕ ਪ੍ਰਮੁੱਖ ਫੋਕਸ ਹੈ। ਕੁਝ ਛਪੀਆਂ ਸਮੱਗਰੀਆਂ ਲਈ ਭਾਈਚਾਰੇ ਦਾ ਸਮੁੱਚੀ ਪ੍ਰਤਿਕ੍ਰਿਆ ਵਿਆਪਕ ਨਹੀਂ ਸੀ ਪਰ ਸਿੱਧੇ ਸੰਪਰਕਾਂ ਨੇ ਭਾਈਚਾਰੇ ਨਾਲ ਮਹੱਤਵਪੂਰਨ ਅੰਤਰ-ਕਿਰਿਆਵਾਂ ਦੀ ਸਿਰਜਨਾ ਕੀਤੀ।

   ਪ੍ਰਿੰਟ ਸੁਨੇਹਿਆਂ ਦਾ ਸਾਰੀਆਂ ਲੋੜੀਂਦੀ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਜਾਵੇਗਾ। ਪ੍ਰਿੰਟ ਸੁਨੇਹਿਆਂ ਵਿੱਚ ਟੋਲ ਫ੍ਰੀ ਵੋਟਰ ਸਹਾਇਤਾ ਹੌਟਲਾਈਨ ਸ਼ਾਮਲ ਹੋਵੇਗੀ ਅਤੇ ਵੋਟਰਾਂ ਨੂੰ ਇੱਕ ਪਹੁੰਚਯੋਗ ਰੂਪ ਵਿੱਚ ਡਾਕ-ਰਾਹੀਂ-ਵੋਟ ਬੈਲਟ ਦੀ ਉਪਲਬਧਤਾ ਬਾਰੇ ਅਤੇ ਇਸ ਤਰ੍ਹਾਂ ਦੇ ਬੈਲਟ ਦੀ ਬੇਨਤੀ ਕਰਨ ਦੀ ਪ੍ਰਕਿਰਿਆ ਬਾਰੇ ਸੂਚਿਤ ਕਰਨਾ ਸ਼ਾਮਲ ਹੋਏਗਾ। ਪ੍ਰਿੰਟ ਕੀਤੇ ਸੁਨੇਹੇ ਵੋਟਰਾਂ ਨੂੰ ਆਉਣ ਵਾਲੀਆਂ ਚੋਣਾਂ ਅਤੇ ਵੱਖ-ਵੱਖ ਵੋਟਿੰਗ ਵਿਕਲਪਾਂ ਬਾਰੇ ਸੂਚਿਤ ਕਰਨਗੇ। ਪ੍ਰਿੰਟ ਕੀਤੇ ਸੁਨੇਹੇ ਚੋਣ ਤੋਂ ਲਗਭਗ ਛੇ ਮਹੀਨੇ ਪਹਿਲਾਂ ਸ਼ੁਰੂ ਹੋਣਗੇ ਅਤੇ ਵੱਖ-ਵੱਖ

ਸੁਨੇਹਿਆਂ ਦੇ ਨਾਲ ਚੋਣਾਂ ਤੱਕ ਜਾਰੀ ਰਹਿਣਗੇ। VCAAC, LAAC ਅਤੇ VAAC ਨੂੰ ਜਦੋਂ ਵੀ ਸੰਭਵ ਹੋਵੇ ਆਮ ਪ੍ਰਿੰਟ ਸੁਨੇਹਿਆਂ ਦੀ ਸਮੀਖਿਆ ਕਰਨ ਦਾ ਮੌਕਾ ਦਿੱਤਾ ਜਾਵੇਗਾ।

ਪ੍ਰਿੰਟ ਸੁਨੇਹੇ ਵੱਖ-ਵੱਖ ਅਕਾਰ ਵਿੱਚ ਤਿਆਰ ਕੀਤੇ ਜਾਣਗੇ ਅਤੇ/ਜਾਂ ਅਖ਼ਬਾਰਾਂ, ਭਾਈਚਾਰਕ ਸੰਗਠਨਾਂ, ਕਾਉਂਟੀ ਦੇ ਜਨਤਕ ਸੂਚਨਾ ਅਫਸਰਾਂ, ਕਾਉਂਟੀ ਵਿਭਾਗਾਂ, ਸ਼ਹਿਰਾਂ, ਉਪਯੋਗੀ ਕੰਪਨੀਆਂ, ਵਿਸ਼ੇਸ਼ ਜ਼ਿਲ੍ਹਿਆਂ, ਸਕੂਲ ਡਿਸਟ੍ਰਿਕਟਾਂ, ਕਾਲਜਾਂ ਅਤੇ ਯੂਨੀਵਰਸਿਟੀਆਂ, ਰਿਟਾਇਰਮੈਂਟ ਐਸੋਸੀਏਸ਼ਨਾਂ ਅਤੇ ਕਿਸੇ ਵੀ ਤਰ੍ਹਾਂ ਦੇ ਸੰਚਾਰ ਸਾਧਨਾਂ ਵਾਲੇ ਹੋਰ ਸੰਗਠਨਾਂ (ਕਾਗਜ਼ ਜਾਂ ਇਲੈਕਟ੍ਰੋਨਿਕ) ਨੂੰ ਭੇਜੇ ਜਾਣਗੇ, ਜਿਨ੍ਹਾਂ ਰਾਹੀਂ ਸੁਨੇਹਿਆਂ ਨੂੰ ਡਿਸਪਲੇ ਫਾਰਮੈਟ ਵਿੱਚ ਮੁੜ ਛਾਪ ਕੇ ਫਲਾਇਰ ਦੇ ਤੌਰ 'ਤੇ ਵੰਡਿਆ ਜਾ ਸਕਦਾ ਹੈ। ਕਾਉਂਟੀ ਉਹਨਾਂ ਸੰਗਠਨਾਂ ਨੂੰ ਪ੍ਰਿੰਟ ਸੁਨੇਹੇ ਮੁਹੱਈਆ ਕਰਵਾਏਗੀ ਜੋ ਉਨ੍ਹਾਂ ਨੂੰ ਵੰਡਣ ਲਈ ਸਹਿਮਤ ਹੁੰਦੇ ਹਨ ਅਤੇ ਉਨ੍ਹਾਂ ਸੰਗਠਨਾਂ ਨਾਲ ਸਾਂਝ ਪਾਉਣਾ ਚਾਹੇਗੀ ਜੋ ਆਪਣੇ ਛਪੇ ਹੋਏ ਨਿਊਜ਼ਲੈਟਰਾਂ ਅਤੇ ਇਲੈਕਟ੍ਰੋਨਿਕ ਨਿਊਜ਼ਲੈਟਰਾਂ ਵਿੱਚ ਸੁਨੇਹਿਆਂ ਨੂੰ ਮੁੜ ਛਾਪਣਗੇ।

ਪ੍ਰਿੰਟ ਅਤੇ ਇਲੈਕਟ੍ਰੋਨਿਕ ਮੀਡਿਆ ਦੀ ਸੂਚੀ ਲਈ ਨੱਥੀ-ਦਸਤਾਵੇਜ਼ C ਦੇਖੋ।
ਭਾਈਚਾਰਕ ਸੰਗਠਨਾਂ, ਸ਼ਹਿਰਾਂ, ਅਤੇ ਖਾਸ ਜ਼ਿਲ੍ਹਿਆਂ ਦੀ ਸੂਚੀ ਲਈ ਨੱਥੀ-ਦਸਤਾਵੇਜ਼ D ਦੇਖੋ।

3. ਸੋਸ਼ਲ ਮੀਡੀਆ ਅਤੇ ਇੰਟਰਨੈੱਟ 'ਤੇ ਮੌਜੂਦਗੀ: ਮਾਰਚ 2020 ਦੀਆਂ ਚੋਣਾਂ ਲਈ ਇੱਕ ਸੋਸ਼ਲ ਮੀਡੀਆ ਯੋਜਨਾ ਲਾਗੂ ਕੀਤੀ ਗਈ ਸੀ ਅਤੇ ਨਵੰਬਰ 2020 ਦੀਆਂ ਚੋਣਾਂ ਲਈ ਇੱਕ ਅੱਪਡੇਟ ਕੀਤੀ ਗਈ ਯੋਜਨਾ ਬਣਾਈ ਗਈ ਅਤੇ ਲਾਗੂ ਕੀਤੀ ਗਈ ਸੀ। ਦੋਵਾਂ ਯੋਜਨਾਵਾਂ ਲਈ ਭਾਈਚਾਰੇ ਦੇ ਮੈਂਬਰਾਂ ਤੱਕ ਪਹੁੰਚਣ ਲਈ ਸੁਨੇਹੇ ਦਾ ਪ੍ਰਚਾਰ ਕਰਨ ਦੀ ਕਾਫ਼ੀ ਜ਼ਿਆਦਾ ਲੋੜ ਸੀ ਕਿਉਂਕਿ ਕਾਉਂਟੀ ਸੰਗਠਨਾਂ ਤੋਂ ਬਾਹਰ ਹਿੱਸੇਦਾਰੀ ਸੀਮਤ ਸੀ। California ਰਾਜ ਦੇ ਸੱਕਤਰ ਦਫ਼ਤਰ ਦੁਆਰਾ ਪ੍ਰਦਾਨ ਕੀਤੀ ਗਈ ਪੇਸ਼ੇਵਰ ਸੰਚਾਰ ਸਮੱਗਰੀ ਦਾ ਏਕੀਕਰਣ ਸਥਾਨਕ ਤੌਰ 'ਤੇ ਤਿਆਰ ਕੀਤੇ ਗਏ ਸੁਨੇਹਿਆਂ ਵਿੱਚ ਇੱਕ ਮਹੱਤਵਪੂਰਨ ਵਾਧਾ ਸੀ ਅਤੇ ਇਸ ਕਰਕੇ ਨਵੰਬਰ 2020 ਅਤੇ ਸਤੰਬਰ 2021 ਦੀਆਂ ਚੋਣਾਂ ਦੌਰਾਨ ਅੰਤਰਕਿਰਿਆ ਦਾ ਬਿਹਤਰ ਪੱਧਰ ਪ੍ਰਾਪਤ ਕੀਤਾ ਜਾ ਸਕਿਆ।

2022 ਅਤੇ 2024 ਵਿੱਚ ਹਰੇਕ ਚੋਣ ਚੱਕਰ ਲਈ ਸੋਸ਼ਲ ਮੀਡੀਆ ਯੋਜਨਾਵਾਂ ਅਤੇ ਸਮੱਗਰੀ ਕੈਲੰਡਰਾਂ ਨੂੰ ਵਰਤਿਆ ਜਾਣਾ ਜਾਰੀ ਰਹੇਗਾ। ਕਾਉਂਟੀ ਦੁਆਰਾ ਸੋਸ਼ਲ ਮੀਡੀਆ ਸੁਨੇਹਿਆਂ ਦੇ ਪ੍ਰਭਾਵ ਨੂੰ ਬਿਹਤਰ ਬਣਾਉਣ ਲਈ ਭਾਈਚਾਰਕ ਭਾਈਵਾਲਾਂ ਅਤੇ ਸਥਾਨਕ ਪ੍ਰਭਾਵਕਾਂ ਦੇ ਨਾਲ ਏਕੀਕਰਣ ਦਾ ਵਿਸਤਾਰ ਇੱਕ ਤਰਜੀਹ ਹੋਵੇਗੀ।

ਕਾਉਂਟੀ ਵੀਡੀਓ ਫਾਰਮੈਟ ਸੁਨੇਹਿਆਂ ਦੀ ਵੰਡ ਲਈ ਇੱਕ ਸਮਰਪਿਤ YouTube ਚੈਨਲ ਨੂੰ ਲਾਗੂ ਕਰਨ ਦੀ ਪੜਚੋਲ ਕਰ ਰਹੀ ਹੈ। ਇਸ ਵਿਧੀ ਰਾਹੀਂ ਵੰਡੀ ਜਾਣ ਵਾਲੀ ਸੰਭਾਵੀ ਸਮੱਗਰੀ ਵਿੱਚ ਵਰਕਸ਼ਾਪ ਅਤੇ ਮੀਟਿੰਗ ਨੂੰ ਟੇਪ ਕਰਨਾ, ਵਰਕਰਾਂ ਲਈ ਸਿਖਲਾਈ ਸਮੱਗਰੀ, ਅਤੇ VCA ਅਤੇ ਚੋਣ ਵਿਸ਼ੇ ਦੇ ਛੋਟੇ ਵਿਆਖਿਆਕਾਰ ਵੀਡੀਓ ਸ਼ਾਮਲ ਹੋਣਗੇ। ਇਸ ਤਰੀਕੇ ਨਾਲ ਵੰਡੀਆਂ ਗਈਆਂ ਸਮੱਗਰੀਆਂ ਭਾਈਚਾਰਕ ਭਾਈਵਾਲਾਂ ਅਤੇ ਜਨਤਾ ਲਈ ਉਪਲਬਧ ਹੋਣਗੀਆਂ ਅਤੇ ਲੋੜ ਅਨੁਸਾਰ ਹੋਰ ਸੋਸ਼ਲ ਮੀਡੀਆ ਚੈਨਲਾਂ ਵਿੱਚ ਏਕੀਕ੍ਰਿਤ ਕੀਤੀਆਂ ਜਾ ਸਕਦੀਆਂ ਹਨ।

4. <u>ਵੈੱਬਸਾਈਟ:</u> ਕਾਉਂਟੀ ਕਲਰਕ ਵੈੱਬਸਾਈਟ ਇੱਕ ਅਸਾਨ ਫਾਰਮੈਟ ਵਿੱਚ ਹੈ ਅਤੇ ਜਨਤਕ ਤੌਰ 'ਤੇ ਉਪਲਬਧ ਹੈ। ਵੈੱਬਪੰਨੇ 'ਤੇ ਇੱਕ ਖਾਸ VCA ਲੈਂਡਿੰਗ ਪੰਨਾ ਉਪਲਬਧ ਹੈ ਅਤੇ ਇਸ ਵਿੱਚ ਚੋਣ ਪ੍ਰਸ਼ਾਸਨ ਯੋਜਨਾਵਾਂ, ਪੇਸ਼ਕਾਰੀਆਂ, ਅਤੇ ਸੰਬੰਧਿਤ ਮੀਡੀਆ ਸਮੇਤ ਆਮ ਅਤੇ ਖਾਸ ਜਾਣਕਾਰੀ ਸ਼ਾਮਲ ਹੁੰਦੀ ਹੈ। ਵਧੀਕ ਚੋਣ ਵਿਸ਼ੇਸ਼ VCA ਸਮੱਗਰੀ ਹਰੇਕ ਚੋਣ ਦੇ ਜਾਣਕਾਰੀ ਪੰਨੇ 'ਤੇ ਉਪਲਬਧ ਹੈ। ਪ੍ਰਿੰਟ ਮੀਡੀਆ ਵੈੱਬਸਾਈਟ 'ਤੇ ਹੋਵੇਗਾ ਤਾਂ ਕਿ ਇਸ ਨੂੰ ਡਾਊਨਲੋਡ ਅਤੇ ਸਾਂਝਾ ਕੀਤਾ ਜਾ ਸਕੇ। ਸਾਰੀਆਂ ਜਨਤਕ ਸੇਵਾ ਘੋਸ਼ਣਾਵਾਂ ਕਾਉਂਟੀ ਕਲਰਕ ਵੈੱਬਸਾਈਟ 'ਤੇ ਹੋਣਗੀਆਂ। ਵੈੱਬਸਾਈਟ 'ਤੇ ਸਾਰੀ ਲਿਖਤੀ ਜਾਣਕਾਰੀ ਪਹੁੰਚਯੋਗ ਫਾਰਮੈਟ ਵਿੱਚ ਹੋਵੇਗੀ।

5. <u>VCA ਟੂਲ ਕਿੱਟ:</u> ਕਾਉਂਟੀ ਸੋਸ਼ਲ ਮੀਡਿਆ ਕਾਪੀ, ਪ੍ਰਿੰਟ ਵਿਗਿਆਪਨਾਂ, PowerPoint ਪੇਸ਼ਕਾਰੀਆਂ ਦੇ ਲਿੰਕ, ਅਤੇ ਹੋਰ ਸਮੱਗਰੀਆਂ ਨੂੰ ਸ਼ਾਮਲ ਕਰਨ ਲਈ ਇੱਕ ਟੂਲ ਕਿੱਟ ਪ੍ਰਦਾਨ ਕਰੇਗੀ। VCA ਟੂਲਕਿੱਟ ਸਮੱਗਰੀ ਦਾ ਸਾਰੀਆਂ ਲੋੜੀਂਦੀਆਂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਜਾਵੇਗਾ ਅਤੇ ਸਾਰੀਆਂ ਪ੍ਰਮੁੱਖ ਚੋਣਾਂ ਤੋਂ 90 ਦਿਨ ਪਹਿਲਾਂ ਉਪਲਬਧਤਾ ਦਾ ਟੀਚਾ ਰੱਖਿਆ ਜਾਵੇਗਾ, ਜੋ ਅਨੁਵਾਦ ਲਈ ਲੋੜੀਂਦੇ ਸਮੇਂ ਦੀਆਂ ਲੋੜਾਂ 'ਤੇ ਨਿਰਭਰ ਕਰਦਾ ਹੈ। VCA ਟੂਲਕਿੱਟ ਕਾਉਂਟੀ ਕਲਰਕ ਦੀ ਵੈੱਬਸਾਈਟ ਦੇ VCA ਭਾਗ ਵਿੱਚ ਉਪਲਬਧ ਹੋਵੇਗੀ।

ਸੋਸ਼ਲ ਮੀਡਿਆ ਆਊਟਲੈਟਾਂ ਅਤੇ ਪਤਿਆਂ ਲਈ ਨੱਥੀ-ਦਸਤਾਵੇਜ਼ E ਨੂੰ ਦੇਖੋ।

**B.** <u>ਵੋਟਰ ਸਿੱਖਿਆ ਸੰਬੰਧੀ ਵਰਕਸ਼ਾਪਾਂ</u>

1. <u>ਅਸਮਰਥਤਾ ਵਾਲੇ ਵਿਅਕਤੀਆਂ ਦੇ ਭਾਈਚਾਰੇ ਲਈ ਵਰਕਸ਼ਾਪ:</u> ਕਾਉਂਟੀ ਨੇ ਇੱਕ ਮਾਡਲ ਵੋਟ ਕੇਂਦਰ ਅਤੇ ਪੇਸ਼ਕਾਰੀਆਂ ਦੇ ਨਾਲ ਇੱਕ ਦਿਨ ਭਰ ਚੱਲਣ ਵਾਲੀ ਅਸਮਰਥਤਾ ਵਰਕਸ਼ਾਪ/ਓਪਨ ਹਾਊਸ ਦਾ ਆਯੋਜਨ ਕੀਤਾ ਜੋ ਮਾਰਚ 2020 ਦੀਆਂ ਚੋਣਾਂ ਲਈ ਅਸਮਰਥਤਾਵਾਂ ਵਾਲੇ ਵੋਟਰਾਂ ਦੀ ਪਹੁੰਚ ਅਤੇ ਭਾਗੀਦਾਰੀ ਨੂੰ ਵਧਾਉਣ 'ਤੇ ਕੇਂਦਰਿਤ ਸੀ। ਇਸ ਓਪਨ ਹਾਊਸ ਵਿੱਚ ਹਾਜ਼ਰੀ ਚੰਗੀ ਸੀ ਅਤੇ ਇਸ ਨੂੰ ਭਾਈਚਾਰੇ ਵੱਲੋਂ ਚੰਗੀ ਪ੍ਰਤਿਕਿਰਿਆ ਮਿਲੀ। COVID-19 ਮਹਾਂਮਾਰੀ ਦੇ ਕਾਰਨ, ਨਵੰਬਰ 2020 ਅਤੇ ਸਤੰਬਰ 2021 ਦੀਆਂ ਚੋਣਾਂ ਲਈ ਵਰਕਸ਼ਾਪਾਂ ਭਾਈਚਾਰਕ ਭਾਈਵਾਲਾਂ ਦੇ ਸਹਿਯੋਗ ਨਾਲ ਆਨਲਾਈਨ ਆਯੋਜਿਤ ਕੀਤੀਆਂ ਗਈਆਂ ਸਨ।

   ਮਾਰਚ 2020 ਦੇ ਓਪਨ ਹਾਊਸ ਦੀ ਸਫਲਤਾ ਦੇ ਕਾਰਨ, ਕਾਉਂਟੀ ਜਦੋਂ ਵੀ ਸੰਭਵ ਹੋਵੇ ਇਹਨਾਂ ਦਾ ਆਯੋਜਨ ਵਿਅਕਤੀਗਤ ਤੌਰ 'ਤੇ ਦੁਬਾਰਾ ਕਰਨਾ ਚਾਹੁੰਦੀ ਹੈ। ਹਾਲਾਂਕਿ ਜਦੋਂ ਵੀ ਭਵਿੱਖ ਵਿੱਚ ਵਰਕਸ਼ਾਪਾਂ ਦਾ ਆਯੋਜਨ ਕੀਤਾ ਜਾਂਦਾ ਹੈ, ਸਾਰੀਆਂ ਵਰਕਸ਼ਾਪਾਂ ਦਾ VAAC ਦੁਆਰਾ ਅਸਮਰਥਤਾ ਵਾਲੇ ਵਿਅਕਤੀਆਂ ਦੇ ਭਾਈਚਾਰੇ ਲਈ ਪਹਿਲਾਂ ਤੋਂ ਪ੍ਰਚਾਰ ਕੀਤਾ ਜਾਵੇਗਾ ਅਤੇ ਵਕਾਲਤ ਸਮੂਹਾਂ ਅਤੇ ਪ੍ਰੋਗਰਾਮਾਂ ਨੂੰ ਸਿੱਧੇ ਸੱਦੇ ਦਿੱਤੇ ਜਾਣਗੇ, ਜਿਨ੍ਹਾਂ ਨੂੰ "ਫੀਲਡ ਟ੍ਰਿਪ" ਜਾਂ ਸੰਗਠਿਤ ਭਾਗੀਦਾਰ ਆਨਲਾਈਨ ਗਤੀਵਿਧੀਆਂ ਨਿਰਧਾਰਿਤ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ। VAAC ਦੀ ਵਰਤੋਂ ਕਰਦੇ ਹੋਏ, ਕਾਉਂਟੀ ਇਹ ਯਕੀਨੀ ਬਣਾਉਣ ਲਈ ਇਨ੍ਹਾਂ ਭਾਈਚਾਰਿਆਂ ਦੀ ਪ੍ਰਤਿਨਿਧਤਾ ਕਰਨ ਵਾਲੇ ਵਿਅਕਤੀਆਂ ਅਤੇ ਸਮੂਹਾਂ ਦੇ ਨਾਲ ਕੰਮ ਕਰੇਗੀ ਜਿਸ ਨਾਲ ਨਿਸ਼ਚਿਤ ਕੀਤਾ ਜਾ ਸਕੇ ਕਿ ਸੁਆਗਤ ਕਰਨ ਵਾਲੀਆਂ ਅਤੇ ਪ੍ਰਭਾਵਸ਼ਾਲੀ ਵਰਕਸ਼ਾਪਾਂ ਬਣਾਉਣ ਲਈ ਵਰਕਸ਼ਾਪ ਨੂੰ ਰਣਨੀਤਕ ਤੌਰ 'ਤੇ ਸਥਿਤ ਕੀਤਾ ਜਾਂਦਾ ਹੈ ਅਤੇ ਕਰਮਚਾਰੀਆਂ ਨੂੰ ਰੱਖਿਆ ਜਾਂਦਾ ਹੈ। ਹਰੇਕ ਭਵਿੱਖੀ ਚੋਣ ਤੋਂ ਲਗਭਗ 90 ਦਿਨ ਪਹਿਲਾਂ ਵਰਕਸ਼ਾਪਾਂ ਦਾ ਆਯੋਜਨ ਕੀਤਾ ਜਾਵੇਗਾ।

2. <u>ਦੁਭਾਸ਼ੀ ਵਰਕਸ਼ਾਪਾਂ:</u> ਕਾਉਂਟੀ ਨੇ ਮਾਰਚ 2020, ਨਵੰਬਰ 2020, ਮਾਰਚ 2021, ਅਤੇ ਸਤੰਬਰ 2021 ਦੀਆਂ ਚੋਣਾਂ ਤੋਂ ਪਹਿਲਾਂ ਦੁਭਾਸ਼ੀ ਵਰਕਸ਼ਾਪਾਂ ਦਾ ਆਯੋਜਨ ਕੀਤਾ। ਮਾਰਚ 2020 ਦੀਆਂ ਚੋਣਾਂ ਲਈ ਭਾਈਚਾਰਕ ਭਾਈਵਾਲਾਂ ਨਾਲ ਵਿਅਕਤੀਗਤ ਤੌਰ 'ਤੇ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਗਿਆ ਸੀ, ਪਰ COVID-19 ਮਹਾਂਮਾਰੀ ਨੇ ਦੂਜੀਆਂ ਚੋਣਾਂ ਲਈ ਆਯੋਜਿਤ ਜ਼ਿਆਦਾਤਰ ਵਰਕਸ਼ਾਪਾਂ ਨੂੰ ਮੁੱਖ ਤੌਰ 'ਤੇ ਆਨਲਾਈਨ ਕਰਨ ਲਈ ਮਜ਼ਬੂਰ ਕਰ ਦਿੱਤਾ (ਕੁਝ ਆਨਲਾਈਨ ਦੁਭਾਸ਼ੀ ਵਰਕਸ਼ਾਪਾਂ ਭਾਈਚਾਰਕ ਭਾਈਵਾਲਾਂ ਦੀਆਂ ਸਹੂਲਤਾਂ 'ਤੇ ਜਾਂ ਉਨ੍ਹਾਂ ਦੀ ਸਹਾਇਤਾ ਨਾਲ ਆਯੋਜਿਤ ਕੀਤੀਆਂ ਗਈਆਂ ਸਨ)। ਸਮੁੱਚੀ ਭਾਗੀਦਾਰੀ ਵੱਖ-ਵੱਖ ਸੀ ਪਰ ਸਪਸ਼ਟ ਤੌਰ 'ਤੇ ਮਜ਼ਬੂਤ ਭਾਈਚਾਰਕ ਭਾਈਵਾਲ ਸਮਰਥਨ ਨਾਲ ਜੁੜੀ ਹੋਈ ਸੀ।

   LAAC ਅਤੇ ਭਾਈਚਾਰਕ ਸੰਗਠਨਾਂ ਨਾਲ ਕੰਮ ਕਰਦੇ ਹੋਏ, ਕਾਉਂਟੀ ਮਤਦਾਤਾ ਪਸੰਦ ਅਧਿਨਿਯਮ ਦੇ ਕੰਮਕਾਜ ਦੇ ਬਾਰੇ ਹੋਰ ਸਿੱਖਿਆ ਦੇਣ ਅਤੇ ਸੰਚਾਰਿਤ ਕਰਨ ਲਈ ਦੁਭਾਸ਼ੀ ਵੋਟਰ ਸਿੱਖਿਆ ਵਰਕਸ਼ਾਪਾਂ ਦਾ ਆਯੋਜਨ ਕਰੇਗੀ, ਜਿਸ ਵਿੱਚ ਅੱਗੇ ਦਿੱਤੀਆਂ ਭਾਸ਼ਾਵਾਂ ਵਿੱਚੋਂ ਹਰੇਕ ਵਿੱਚ ਘੱਟੋ-ਘੱਟ ਇੱਕ ਵਰਕਸ਼ਾਪ ਹੋਵੇਗੀ: ਸਪੈਨਿਸ਼, ਪੰਜਾਬੀ, ਹਮੋਂਗ, ਚੀਨੀ, ਕੋਰੀਆਈ, ਖਮੇਰ, ਲਾਓਸ, ਵੀਅਤਨਾਮੀ ਅਤੇ ਤਾਗਾਲੋਗ। ਭਾਸ਼ਾ-ਵਿਸ਼ੇਸ਼ ਅਨੁਵਾਦਕ ਹਾਜ਼ਰ ਲੋਕਾਂ ਦੀ ਮਦਦ ਕਰਨ ਲਈ ਉਪਲਬਧ ਹੋਣਗੇ। LAAC ਦੀ ਵਰਤੋਂ ਕਰਦੇ ਹੋਏ, ਕਾਉਂਟੀ ਇਹ ਯਕੀਨੀ ਬਣਾਉਣ ਲਈ ਇਨ੍ਹਾਂ ਭਾਈਚਾਰਿਆਂ ਦੀ ਪ੍ਰਤਿਨਿਧਤਾ ਕਰਨ ਵਾਲੇ ਵਿਅਕਤੀਆਂ ਅਤੇ ਸਮੂਹਾਂ ਦੇ ਨਾਲ ਕੰਮ ਕਰੇਗੀ ਜਿਸ ਨਾਲ ਨਿਸ਼ਚਿਤ ਕੀਤਾ ਜਾ ਸਕੇ ਕਿ ਵਰਕਸ਼ਾਪਾਂ ਰਣਨੀਤਕ ਤੌਰ 'ਤੇ ਸਥਿਤ ਹਨ ਅਤੇ ਉਨ੍ਹਾਂ ਵਿੱਚ ਉਚਿਤ ਰੂਪ ਵਿੱਚ ਕਰਮਚਾਰੀ ਮੌਜੂਦ ਹੋਣ ਤਾਂਕਿ ਉਨ੍ਹਾਂ ਨੂੰ ਸੁਆਗਤ ਕਰਨ ਵਾਲੀਆਂ ਅਤੇ ਪ੍ਰਭਾਵਸ਼ਾਲੀ ਵਰਕਸ਼ਾਪਾਂ ਬਣਾਇਆ ਜਾ ਸਕੇ। ਇਨ੍ਹਾਂ ਵਰਕਸ਼ਾਪਾਂ ਦਾ ਉਨ੍ਹਾਂ ਸਮੂਹਾਂ ਅਤੇ ਮੀਡਿਆ ਵਿੱਚ ਪ੍ਰਚਾਰ ਕੀਤਾ ਜਾਵੇਗਾ ਜੋ ਹਰੇਕ ਖਾਸ ਭਾਸ਼ਾ ਦੇ ਸਮੂਹ ਦੇ ਨਾਲ ਸਿੱਧਾ ਕੰਮ ਕਰਦੇ ਹਨ। ਇਹ ਵਰਕਸ਼ਾਪਾਂ ਹਰੇਕ ਭਵਿੱਖੀ ਚੋਣ ਤੋਂ ਲਗਭਗ 90 ਦਿਨ ਪਹਿਲਾਂ ਆਯੋਜਿਤ ਕੀਤੀਆਂ ਜਾਣਗੀਆਂ।

**C.** <u>ਭਾਈਚਾਰੇ ਵਿੱਚ ਆਮ ਮੌਜੂਦਗੀ</u>

1. <u>VCA ਸਲਾਹਕਾਰ ਕਮੇਟੀ:</u> ਕਾਉਂਟੀ ਨੇ 2019 ਵਿੱਚ ਮਤਦਾਤਾ ਪਸੰਦ ਅਧਿਨਿਯਮ ਸਲਾਹਕਾਰ ਕਮੇਟੀ (VCAAC) ਦੀ ਸਥਾਪਨਾ ਕੀਤੀ ਤਾਂ ਜੋ ਕਾਉਂਟੀ ਦੀ ਮੂਲ ਚੋਣ ਪ੍ਰਸ਼ਾਸਨ ਦੀ ਯੋਜਨਾ ਬਣਾਉਣ ਅਤੇ ਮਾਰਚ 2020 ਦੀਆਂ ਚੋਣਾਂ ਲਈ ਮਤਦਾਤਾ ਪਸੰਦ ਅਧਿਨਿਯਮ ਨੂੰ ਲਾਗੂ ਕਰਨ ਵਿੱਚ ਸਹਾਇਤਾ ਕੀਤੀ ਜਾ ਸਕੇ। ਇਸ EAP ਦੇ ਵਿਕਾਸ ਵਿੱਚ ਸਹਾਇਤਾ ਕਰਨ ਲਈ 2021 ਵਿੱਚ VCAAC ਵਿੱਚ ਸੁਧਾਰ ਕੀਤਾ ਗਿਆ ਸੀ ਅਤੇ EAP ਨੂੰ ਪੂਰਾ ਕਰਨ ਅਤੇ ਭਾਈਚਾਰੇ ਨੂੰ ਸਿੱਖਿਅਤ ਕਰਨ ਦੇ ਯਤਨਾਂ ਦਾ ਸਮਰਥਨ ਕਰਨ ਲਈ ਨਿਯਮਿਤ ਤੌਰ 'ਤੇ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ 2021 ਦੇ ਅੰਤ ਤੱਕ ਇਹ ਮੀਟਿੰਗਾਂ ਜਾਰੀ ਰਹਿਣਗੀਆਂ। ਇਸ ਯਤਨ ਦੇ ਜ਼ਰੀਏ ਅਸੀਂ ਭਾਸ਼ਾ-ਵਿਸ਼ੇਸ਼ ਸਮੂਹਾਂ ਅਤੇ ਅਸਮਰਥਤਾ ਵਾਲੇ ਵਿਅਕਤੀਆਂ ਵਾਲੇ ਭਾਈਚਾਰੇ ਦੇ ਮੈਂਬਰਾਂ ਦੇ ਨਾਲ-ਨਾਲ, ਆਮ ਭਾਈਚਾਰੇ ਦੇ ਨਾਲ ਗੱਲਬਾਤ ਕਰਨ ਲਈ ਖਾਸ ਮੌਕਿਆਂ ਬਾਰੇ ਜਾਣਕਾਰੀ ਇਕੱਤਰ ਕਰ ਰਹੇ ਹਾਂ।

(ਕਾਉਂਟੀ ਦੀ ਵੈੱਬਸਾਈਟ ਬਾਰੇ ਉੱਪਰ ਚਰਚਾ ਕੀਤੀ ਗਈ ਹੈ ਅਤੇ ਇਹ ਆਮ ਭਾਈਚਾਰੇ ਦੀ ਮੌਜੂਦਗੀ ਦੇ ਹਿੱਸੇ ਵਜੋਂ ਜਨਤਕ ਤੌਰ 'ਤੇ ਉਪਲਬਧ ਹੈ।)

2. ਭਾਈਚਾਰਕ ਮੀਟਿੰਗਾਂ: ਕਾਉਂਟੀ ਭਾਈਚਾਰੇ ਦੇ ਸਾਰੇ ਮੈਂਬਰਾਂ ਨੂੰ VCA ਬਾਰੇ ਆਮ ਸਿੱਖਿਆ ਅਤੇ ਜਾਣਕਾਰੀ ਪ੍ਰਦਾਨ ਕਰਨ ਲਈ ਭਾਈਚਾਰਕ ਮੀਟਿੰਗਾਂ ਅਤੇ ਉਪਰਾਲਿਆਂ ਵਿੱਚ ਹਾਜ਼ਰ ਹੋਵੇਗੀ। VCA ਟੂਲ ਕਿੱਟ ਵਿੱਚ ਸਮੂਹ ਦੀਆਂ ਮੀਟਿੰਗਾਂ ਵਿਖੇ ਵਰਤੀ ਜਾਣ ਵਾਲੀ PowerPoint-ਕਿਸਮ ਦੀ ਪੇਸ਼ਕਾਰੀ ਅਤੇ ਇਵੈਂਟਾਂ 'ਤੇ ਵਰਤੀ ਜਾਣ ਵਾਲੀ ਇੱਕ "ਟੇਬਲ" ਪੇਸ਼ਕਾਰੀ ਸ਼ਾਮਲ ਹੋਵੇਗੀ। ਟੂਲਕਿੱਟ ਨੂੰ 2022 ਅਤੇ 2024 ਦੌਰਾਨ ਉਨ੍ਹਾਂ ਚੋਣ ਚੱਕਰਾਂ ਦੌਰਾਨ ਵਰਤਣ ਲਈ ਅੱਪਡੇਟ ਕੀਤਾ ਜਾਵੇਗਾ। ਸਾਡੀਆਂ ਪੇਸ਼ਕਾਰੀਆਂ ਅਤੇ ਪ੍ਰਿੰਟ ਕੀਤੀ ਜਾਣਕਾਰੀ ਦਾ ਲੋੜੀਂਦੀਆਂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਜਾਵੇਗਾ। ਕਾਉਂਟੀ ਪੂਰੇ ਭਾਈਚਾਰੇ ਵਿੱਚ ਵੱਖ-ਵੱਖ ਨਿਯਮਿਤ ਤੌਰ 'ਤੇ ਨਿਰਧਾਰਿਤ ਮੀਟਿੰਗਾਂ ਲਈ ਏਜੰਡਾ 'ਤੇ ਹੋਣਾ ਚਾਹੇਗੀ। ਕਾਉਂਟੀ ਉਨ੍ਹਾਂ ਭਾਈਚਾਰਕ ਮੀਟਿੰਗਾਂ ਵਿੱਚ ਹਾਜ਼ਰ ਹੋਣਾ ਚਾਹੇਗੀ ਜੋ ਦੁਭਾਸ਼ੀ ਭਾਈਚਾਰਿਆਂ ਅਤੇ ਅਸਮਰਥਤਾ ਵਾਲੇ ਵਿਅਕਤੀਆਂ ਨੂੰ ਸੇਵਾ ਪ੍ਰਦਾਨ ਕਰਦੀਆਂ ਹਨ।

ਭਾਈਚਾਰਕ ਮੀਟਿੰਗਾਂ ਅਤੇ ਇਵੈਂਟਾਂ ਦੀ ਇੱਕ ਅੰਸ਼ਿਕ ਸੂਚੀ ਲਈ ਨੱਥੀ-ਦਸਤਾਵੇਜ਼ F ਨੂੰ ਦੇਖੋ।

**D.** ਵੋਟਰਾਂ ਨਾਲ ਸਿੱਧਾ ਸੰਪਰਕ

1. ਵੋਟਰ ਨੂੰ ਭੇਜੀਆਂ ਜਾਣ ਵਾਲੀਆਂ ਡਾਕਾਂ: ਕਾਉਂਟੀ ਵੋਟਰ ਜਾਣਕਾਰੀ ਗਾਈਡ (CVIG) ਅਤੇ ਡਾਕ-ਦੁਆਰਾ-ਵੋਟ ਬੈਲਟਾਂ ਦੀ ਡਿਲਿਵਰੀ ਤੋਂ ਇਲਾਵਾ, ਕਾਉਂਟੀ ਵੋਟਰਾਂ ਨੂੰ ਆਗਾਮੀ ਚੋਣਾਂ ਬਾਰੇ ਸੂਚਨਾ ਦੇਣ ਅਤੇ ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਲਈ ਹਰੇਕ ਵੋਟਰ ਨੂੰ ਘੱਟੋ-ਘੱਟ ਦੋ ਚਿੱਠੀਆਂ ਭੇਜੇਗੀ। ਡਾਕ ਨੂੰ ਚੋਣਾਂ ਤੋਂ 120 ਅਤੇ 80 ਦਿਨ ਪਹਿਲਾਂ ਆਰਜ਼ੀ ਤੌਰ 'ਤੇ ਭੇਜਣਾ ਨਿਰਧਾਰਿਤ ਕੀਤਾ ਜਾਂਦਾ ਹੈ ਪਰ ਚੋਣ ਕੈਲੰਡਰ ਦੇ ਆਧਾਰ 'ਤੇ ਵਿਵਸਥਿਤ ਕੀਤਾ ਜਾਵੇਗਾ।

2. ਪਹੁੰਚਯੋਗ ਬੈਲਟ ਲਈ ਪੋਸਟਕਾਰਡ: ਸਾਰੇ ਰਜਿਸਟਰਡ ਵੋਟਰ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਸਮੱਗਰੀਆਂ ਦੀ ਬੇਨਤੀ ਕਰਨ ਅਤੇ/ਜਾਂ ਪਹੁੰਚਯੋਗ ਫਾਰਮੈਟ ਵਿੱਚ ਇੱਕ VBM ਬੈਲਟ ਦੀ ਬੇਨਤੀ ਕਰਨ ਲਈ ਹਿਦਾਇਤਾਂ ਦੇ ਨਾਲ ਉਨ੍ਹਾਂ ਦੀ ਕਾਉਂਟੀ ਵੋਟਰ ਜਾਣਕਾਰੀ ਗਾਈਡ (CVIG) ਦੇ ਨਾਲ ਇੱਕ ਪੋਸਟੇਜ-ਪੇਡ ਪੋਸਟਕਾਰਡ ਪ੍ਰਾਪਤ ਕਰਣਗੇ। ਉਨ੍ਹਾਂ ਹਿਦਾਇਤਾਂ ਨੂੰ ਕਾਉਂਟੀ ਵੋਟਰ ਜਾਣਕਾਰੀ ਗਾਈਡ ਵਿੱਚ ਸ਼ਾਮਲ ਕੀਤਾ ਜਾਵੇਗਾ ਕਿ ਰਿਮੋਟ ਪਹੁੰਚਯੋਗ ਡਾਕ-ਰਾਹੀਂ-ਵੋਟ (RAVBM) ਲਈ ਪਹੁੰਚ ਦੀ ਬੇਨਤੀ ਕਿਵੇਂ ਕਰਨੀ ਹੈ।

3. ਭਾਸ਼ਾ-ਸੰਬੰਧੀ ਘੱਟ-ਗਿਣਤੀ ਵਾਲੇ ਵੋਟਰ: ਕਾਉਂਟੀ, ਵੋਟਰ ਰਜਿਸਟ੍ਰੇਸ਼ਨ ਫ਼ਾਰਮ 'ਤੇ ਭਾਸ਼ਾ ਦੀ ਤਰਜੀਹ ਦੀ ਚੋਣ, ਸਾਡੀ ਮੀਡਿਆ ਮੁਹਿੰਮਾਂ ਦੇ ਸਿੱਟੇ ਵਜੋਂ ਵੋਟਰਾਂ ਦੁਆਰਾ ਸਿੱਧਾ ਸੰਪਰਕ ਕਰਨ ਅਤੇ ਕਾਉਂਟੀ ਵੋਟਰ ਜਾਣਕਾਰੀ ਗਾਈਡ ਤੋਂ ਵਾਪਸ ਮਿਲੇ ਪੋਸਟੇਜ-ਪੇਡ ਪੋਸਟਕਾਰਡਾਂ ਦੇ ਜ਼ਰੀਏ ਭਾਸ਼ਾ-ਸੰਬੰਧੀ ਘੱਟ-ਗਿਣਤੀ ਵਾਲੇ ਵੋਟਰਾਂ ਦੀ ਪਛਾਣ ਕਰੇਗੀ। ਬੈਲਟ ਅਨੁਵਾਦ ਗਾਈਡ ਅਤੇ ਅਨੁਵਾਦਿਤ ਚੋਣ-ਵਿਸ਼ੇਸ਼ ਜਾਣਕਾਰੀ ਉਹਨਾਂ ਵੋਟਰਾਂ ਨੂੰ ਡਾਕ ਰਾਹੀਂ ਭੇਜੀ ਜਾਵੇਗੀ।

4. ਟੋਲ-ਫ੍ਰੀ ਫ਼ੋਨ ਭਾਸ਼ਾ-ਸੰਬੰਧੀ ਸੇਵਾ: ਟੋਲ-ਫ੍ਰੀ ਫ਼ੋਨ ਪਹੁੰਚ ਦੀ ਸਾਰੇ ਕੰਮਕਾਜੀ ਸਮੇਂ ਦੇ ਦੌਰਾਨ ਸਹਾਇਤਾ ਲਈ ਪੇਸ਼ਕਸ਼ ਕੀਤੀ ਜਾਂਦੀ ਹੈ। ਸਟਾਫ਼ ਸੰਘੀ ਤੌਰ 'ਤੇ ਲੋੜੀਂਦੀ ਭਾਸ਼ਾ (ਸਪੈਨਿਸ਼) ਅਤੇ ਕੁਝ ਹੋਰ ਲੋੜੀਂਦੀਆਂ ਭਾਸ਼ਾਵਾਂ ਵਿੱਚ ਕਾਲ ਕਰਨ ਵਾਲਿਆਂ ਦੀ ਮਦਦ ਕਰਨ ਲਈ ਉਪਲਬਧ ਹੈ। ਕਾਉਂਟੀ California ਚੋਣ ਕੋਡ

ਸੈਕਸ਼ਨ 14201 ਦੀਆਂ ਹੋਰ ਲੋੜੀਂਦੀਆਂ ਭਾਸ਼ਾਵਾਂ ਵਿੱਚ ਵੋਟਰਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਚੋਣ ਦੇ ਦਿਨ ਤੋਂ ਇੱਕ ਮਹੀਨੇ ਪਹਿਲਾਂ ਇੱਕ ਭਾਸ਼ਾ ਸੇਵਾ ਪ੍ਰਦਾਨ ਕਰੇਗੀ।

ਟੋਲ-ਫ੍ਰੀ ਹੌਟਲਾਈਨ (844) 977-8683

California ਰਿਲੇ ਸੇਵਾ (ਬੋਲਣ ਅਤੇ ਸੁਣਨ ਸੰਬੰਧੀ ਵਿਕਾਰ) 711

**E.** ਸਿੱਖਿਆ ਅਤੇ ਪਹੁੰਚ ਸੰਬੰਧੀ ਬਜਟ

1. ਬਜਟ: ਕਾਉਂਟੀ ਵਰਤਮਾਨ ਵਿੱਚ ਹਰੇਕ ਵੱਡੀ ਚੋਣ ਲਈ $3,000,000 ਤੋਂ ਵੱਧ ਦਾ ਬਜਟ ਬਣਾਉਂਦੀ ਹੈ, ਜਿਸ ਵਿੱਚ ਪ੍ਰਤੀ ਵਿੱਤੀ ਸਾਲ ਇੱਕ ਵੱਡੀ ਚੋਣ ਨਿਰਧਾਰਿਤ ਹੁੰਦੀ ਹੈ (ਵਿਸ਼ੇਸ਼ ਚੋਣਾਂ ਨੂੰ ਨਾ ਗਿਣਦੇ ਹੋਏ ਜਿਨ੍ਹਾਂ ਦਾ ਬਿੱਲ ਪੂਰੀ ਤਰ੍ਹਾਂ ਜ਼ਿੰਮੇਵਾਰ ਅਧਿਕਾਰ ਖੇਤਰਾਂ ਨੂੰ ਦਿੱਤਾ ਜਾਂਦਾ ਹੈ)। ਉਸ ਰਕਮ ਵਿੱਚੋਂ, VCA ਮਾਡਲ ਦੇ ਸਮਰਥਨ ਵਿੱਚ ਸਿੱਖਿਆ ਅਤੇ ਪਹੁੰਚ ਸੰਬੰਧੀ ਗਤੀਵਿਧੀਆਂ ਲਈ ਲਗਭਗ $500,000 ਲਗਾਉਣ ਦੀ ਯੋਜਨਾ ਹੈ। ਸਿੱਧਾ ਡਾਕ ਰਾਹੀਂ ਭੇਜਣ ਵਾਲੀ ਸਮੱਗਰੀ ਦੀ ਪ੍ਰਿੰਟਿੰਗ ਲਈ ਲਗਭਗ $160,000 ਲਗਾਉਣ ਦੀ ਯੋਜਨਾ ਹੈ ਅਤੇ ਸਿੱਧਾ ਡਾਕ ਰਾਹੀਂ ਭੇਜਣ ਵਾਲੀ ਸਮੱਗਰੀ ਦੇ ਡਾਕ ਖਰਚ ਲਈ ਵਾਧੂ $90,000 ਲਗਾਉਣ ਦੀ ਯੋਜਨਾ ਬਣਾਈ ਗਈ ਹੈ। ਮੀਡੀਆ/ਸੁਨੇਹਾ ਸੇਵਾ ਸਲਾਹਕਾਰ ਅਤੇ ਨਵੀਂ ਮੀਡੀਆ ਸਮੱਗਰੀ ਦੇ ਉਤਪਾਦਨ ਲਈ ਲਗਭਗ $50,000 ਲਗਾਉਣ ਦੀ ਯੋਜਨਾ ਹੈ। ਭੁਗਤਾਨਸ਼ੁਦਾ ਪ੍ਰਿੰਟ ਅਤੇ ਇਲੈਕਟ੍ਰਾਨਿਕ (ਟੀਵੀ/ਰੇਡੀਓ/ਸੋਸ਼ਲ) ਮੀਡੀਆ ਸੁਨੇਹਿਆਂ ਲਈ ਲਗਭਗ $50,000 ਲਗਾਉਣ ਦੀ ਯੋਜਨਾ ਹੈ। ਸੁਨੇਹਾ ਸਮੱਗਰੀ ਦੇ ਪ੍ਰਸ਼ਾਸਕੀ ਅਤੇ ਭੌਤਿਕ ਸਮਰਥਨ ਲਈ ਲਗਭਗ $100,000 ਲਗਾਉਣ ਦੀ ਯੋਜਨਾ ਬਣਾਈ ਗਈ ਹੈ ਜਿਸ ਵਿੱਚ ਪਹੁੰਚ ਅਤੇ ਸਿੱਖਿਆ ਸਮੱਗਰੀ ਅਤੇ ਸੁਨੇਹਿਆਂ ਦਾ ਵਿਕਾਸ, ਅਨੁਵਾਦ, ਵਿਆਖਿਆ, ਪ੍ਰਿੰਟਿੰਗ, ਅਤੇ ਡਾਕ ਰਾਹੀਂ ਭੇਜਣਾ ਅਤੇ ਵੰਡ ਸ਼ਾਮਲ ਹੈ। Fresno ਕਾਉਂਟੀ ਵਿੱਚ VCA ਲਾਗੂ ਰਨ ਦੇ ਸਮਰਥਨ ਵਿੱਚ ਭਾਈਚਾਰਕ ਭਾਈਵਾਲ ਦੀਆਂ ਗਤੀਵਿਧੀਆਂ ਦੇ ਸਿੱਧੇ ਸਮਰਥਨ ਲਈ ਲਗਭਗ $50,000 ਲਗਾਉਣ ਦੀ ਯੋਜਨਾ ਬਣਾਈ ਗਈ ਹੈ।

**F.** ਭਾਸ਼ਾ-ਸੰਬੰਧੀ ਘੱਟ-ਗਿਣਤੀ ਵਾਲੇ ਭਾਈਚਾਰੇ

1. ਭਾਸ਼ਾ-ਸੰਬੰਧੀ ਲੋੜਾਂ: Fresno ਕਾਉਂਟੀ ਦੇ ਵੋਟਰ ਕਈ ਵੱਖ-ਵੱਖ ਭਾਸ਼ਾਵਾਂ ਬੋਲਦੇ ਹਨ। Fresno ਕਾਉਂਟੀ ਦੀ ਲੋੜ ਅਨੁਸਾਰ 1965 ਦੇ ਫੈਡਰਲ ਮਤਦਾਤਾ ਅਧਿਕਾਰ ਐਕਟ (52 U.S.C. Sec. 10101 ਅਤੇ ਇਸ ਤੋਂ ਅਗਲੇ) ਦੇ ਤਹਿਤ ਸਪੈਨਿਸ਼ ਵਿੱਚ ਵੋਟਿੰਗ ਸਮੱਗਰੀਆਂ ਅਤੇ ਮਦਦ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ। ਜਨਗਣਨਾ ਬਿਊਰੋ, 2020 ਦੀ ਜਨਗਣਨਾ ਦੇ ਅੰਕੜਿਆਂ ਦੇ ਆਧਾਰ 'ਤੇ 2021 ਦੀ ਪਤਝੜ ਜਾਂ ਸਰਦੀਆਂ ਵਿੱਚ ਸੰਘੀ ਤੌਰ 'ਤੇ ਲੋੜੀਂਦੀਆਂ ਭਾਸ਼ਾਵਾਂ ਨੂੰ ਬਦਲ ਸਕਦਾ ਹੈ ਅਤੇ ਕਾਉਂਟੀ ਕਿਸੇ ਵੀ ਨਵੀਆਂ ਲੋੜੀਂਦੀਆਂ ਭਾਸ਼ਾ ਵਿੱਚ ਸੇਵਾਵਾਂ ਪ੍ਰਦਾਨ ਕਰਨ ਲਈ ਤਿਆਰ ਹੈ। ਇਸ ਤੋਂ ਇਲਾਵਾ, Fresno ਕਾਉਂਟੀ ਨੂੰ California ਇਲੈਕਸ਼ਨ ਕੋਡ ਸੈਕਸ਼ਨ 14201 ਦੇ ਮੁਤਾਬਕ ਕਾਉਂਟੀ ਦੇ ਕੁਝ ਖਾਸ ਖੇਤਰਾਂ ਵਿੱਚ ਅੱਠ ਹੋਰ ਭਾਸ਼ਾਵਾਂ (ਪੰਜਾਬੀ, ਹਮੋਂਗ, ਚੀਨੀ, ਕੋਰੀਅਨ, ਖਮੇਰ, ਲਾਓਸ, ਵਿਯਤਨਾਮੀ ਅਤੇ ਟੈਗਾਲੋਗ) ਵਿੱਚ ਵੋਟਿੰਗ ਸਮੱਗਰੀਆਂ ਅਤੇ ਮਦਦ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ। ਇਹ ਵਧੀਕ ਭਾਸ਼ਾਵਾਂ ਦਸੰਬਰ 2021 ਵਿੱਚ ਬਦਲ ਸਕਦੀਆਂ ਹਨ ਅਤੇ ਕਾਉਂਟੀ ਭਾਸ਼ਾਵਾਂ ਦੇ ਨਵੇਂ ਅਸਾਈਨਮੈਂਟ ਵਿੱਚ ਸੇਵਾਵਾਂ ਮੁਹੱਈਆ ਕਰਨ ਲਈ ਤਿਆਰ ਹੈ।

2. ਦੁਭਾਸ਼ੀ ਸੇਵਾਵਾਂ: ਭਾਸ਼ਾ-ਸੰਬੰਧੀ ਘੱਟ-ਗਿਣਤੀ ਵਾਲੇ ਭਾਈਚਾਰਿਆਂ ਨਾਲ ਸੰਬੰਧਿਤ ਸਾਡੀਆਂ ਖਾਸ ਕਿਰਿਆਵਾਂ ਨੂੰ ਇਸ ਪੂਰੀ ਸਿੱਖਿਆ ਅਤੇ ਪਹੁੰਚ ਸੰਬੰਧੀ ਯੋਜਨਾ ਵਿੱਚ ਸ਼ਾਮਲ ਕੀਤਾ ਗਿਆ ਹੈ। Fresno ਕਾਉਂਟੀ LAAC

ਦਾ ਭਾਈਚਾਰਕ ਮੈਂਬਰਾਂ ਦੇ ਇੱਕ ਵਿਵਿਧ ਸਮੂਹ ਦੇ ਨਾਲ ਨਿਰਮਾਣ ਕੀਤਾ ਗਿਆ ਹੈ ਅਤੇ ਇਹ ਇਸ ਗੱਲ੍ਹ ਨੂੰ ਯਕੀਨੀ ਬਣਾਉਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਕਿ ਅਸੀਂ ਸਾਡੇ ਭਾਸ਼ਾ-ਸੰਬੰਧੀ ਘੱਟ-ਗਿਣਤੀ ਵਾਲੇ ਭਾਈਚਾਰਿਆਂ ਤੱਕ ਪਹੁੰਚਣ ਲਈ ਢੁਕਵੀਂਆਂ ਕਿਰਿਆਵਾਂ ਕਰ ਰਹੇ ਹਾਂ। ਵਰਤਮਾਨ ਵਿੱਚ, ਚੋਣਾਂ ਦੇ ਸਟਾਫ਼ ਮੈਂਬਰ ਸਪੈਨਿਸ਼, ਪੰਜਾਬੀ, ਟੈਗਾਲੋਗ ਅਤੇ ਹਮੋਂਗ ਬੋਲਦੇ ਹਨ। ਅਸੀਂ ਵਾਧੂ-ਮਦਦ ਵਾਲੇ ਮੁਲਾਜ਼ਮਾਂ ਦੀ ਭਾਲ ਕਰਾਂਗੇ ਜੋ ਦੁਭਾਸ਼ੀ ਹਨ ਅਤੇ ਵੋਟ ਕੇਂਦਰਾਂ ਲਈ ਉਨ੍ਹਾਂ ਕਰਮਚਾਰੀਆਂ ਦੀ ਭਰਤੀ ਕਰਾਂਗੇ ਜੋ ਦੁਭਾਸ਼ੀ ਹਨ ਅਤੇ ਕਾਉਂਟੀ ਦੇ ਖਾਸ ਲੋੜੀਂਦੇ ਭਾਸ਼ਾ ਵਾਲੇ ਖੇਤਰਾਂ ਵਿੱਚ ਖਾਸ ਤੌਰ 'ਤੇ ਕੰਮ ਕਰ ਸਕਦੇ ਹਨ। ਉੱਪਰ ਵਰਣਨ ਕੀਤੇ ਮੁਤਾਬਕ, ਸਾਡੇ ਸਾਰੇ ਮੀਡੀਆ ਨੂੰ ਸਾਰੀਆਂ ਲੋੜੀਂਦੀਆਂ ਭਾਸ਼ਾਵਾਂ ਵਿੱਚ ਪ੍ਰਦਾਨ ਕੀਤਾ ਜਾਵੇਗਾ ਅਤੇ ਖਾਸ ਭਾਸ਼ਾਵਾਂ ਦੀ ਸੇਵਾ ਪ੍ਰਦਾਨ ਕਰਨ ਵਾਲੇ ਮੀਡਿਆ ਆਊਟਲੈਟਸ ਨੂੰ ਪ੍ਰਦਾਨ ਕੀਤਾ ਜਾਵੇਗਾ, ਜਿਨ੍ਹਾਂ ਨੂੰ ਸਾਡੀ ਮੀਡੀਆ ਸੂਚੀ (ਨੱਥੀ ਕੀਤੀ ਗਈ) ਵਿੱਚ ਸ਼ਾਮਲ ਕੀਤਾ ਗਿਆ ਹੈ। ਦੁਭਾਸ਼ੀ ਵੋਟਰ ਵਰਕਸ਼ਾਪਾਂ ਦਾ ਵੋਟਰ ਸਿੱਖਿਆ ਵਰਕਸ਼ਾਪਾਂ ਦੇ ਤਹਿਤ ਉੱਪਰ ਵਰਣਨ ਕੀਤਾ ਗਿਆ ਹੈ।

**G.** ਅਸਮਰਥਤਾ ਵਾਲੇ ਵਿਅਕਤੀਆਂ ਦਾ ਭਾਈਚਾਰਾ

1. ਵਰਕਸ਼ਾਪ/VAAC: ਵੋਟਰ ਸਿੱਖਿਆ ਵਰਕਸ਼ਾਪਾਂ ਵਿੱਚ ਉੱਪਰ ਵਰਣਨ ਕੀਤੇ ਮੁਤਾਬਕ, ਅਸੀਂ ਅਸਮਰਥਤਾ ਵਾਲੇ ਵੋਟਰਾਂ ਅਤੇ ਉਨ੍ਹਾਂ ਵਿਅਕਤੀਆਂ ਅਤੇ ਭਾਈਚਾਰਕ ਸੰਗਠਨਾਂ ਲਈ ਵਰਕਸ਼ਾਪਾਂ ਅਤੇ/ਜਾਂ ਓਪਨ ਹਾਊਸਾਂ ਦਾ ਸੰਚਾਲਨ ਕਰਾਂਗੇ ਜੋ ਇਨ੍ਹਾਂ ਵੋਟਰਾਂ ਦਾ ਸਮਰਥਨ ਕਰਦੇ ਹਨ। ਸਾਡਾ VAAC ਸਾਡੀਆਂ ਕੋਸ਼ਿਸ਼ਾਂ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਅਤੇ ਅਸੀਂ ਅਸਮਰਥਤਾ ਵਾਲੇ ਸਾਡੇ ਭਾਈਚਾਰਿਆਂ ਦੇ ਮੈਂਬਰਾਂ ਦੇ ਤਜਰਬੇ ਦੀ ਵਰਤੋਂ ਕਰਨ ਲਈ ਉਨ੍ਹਾਂ ਤੱਕ ਪਹੁੰਚ ਕਰਨ ਲਈ VAAC ਦੇ ਨਾਲ ਕੰਮ ਕਰਨਾ ਜਾਰੀ ਰੱਖਾਂਗੇ। VAAC ਦੇ ਮੈਂਬਰ ਵੀ VCAAC 'ਤੇ ਸੇਵਾ ਪ੍ਰਦਾਨ ਕਰਦੇ ਹਨ। ਇਸ ਪੂਰੀ ਯੋਜਨਾ ਦੇ ਦੌਰਾਨ, ਅਸੀਂ PSAs, ਨਵੀਆਂ ਕਹਾਣੀਆਂ, ਪ੍ਰਿੰਟ ਅਤੇ ਸੋਸ਼ਲ ਮੀਡੀਆ, ਭਾਈਚਾਰਕ ਪਹੁੰਚ, ਅਤੇ ਕਾਉਂਟੀ ਦੀ ਵੈੱਬਸਾਈਟ ਨਾਲ ਸੰਬੰਧਿਤ ਸਾਡੀਆਂ ਕਿਰਿਆਵਾਂ ਨੂੰ ਸ਼ਾਮਲ ਕੀਤਾ ਹੈ ਜੋ ਇੱਕ ਪਹੁੰਚਯੋਗ ਫਾਰਮੈਟ ਵਿੱਚ ਡਾਕ-ਰਾਹੀਂ-ਵੋਟ ਬੈਲਟ ਦੀ ਉਪਲਬਧਤਾ ਅਤੇ ਇਸ ਦੀ ਬੇਨਤੀ ਕਰਨ ਦੀ ਪ੍ਰਕਿਰਿਆ 'ਤੇ ਧਿਆਨ ਦੇਣ ਦੇ ਨਾਲ ਵੋਟਰਾਂ ਨੂੰ ਸੂਚਨਾ ਦੇਵੇਗੀ ਅਤੇ ਸਿੱਖਿਅਤ ਕਰੇਗੀ।

# III. ਵੋਟ ਕੇਂਦਰ ਮਾਡਲ

**A.** ਡਾਕ-ਰਾਹੀਂ-ਵੋਟ ਬੈਲਟ

1. ਡਾਕ-ਰਾਹੀਂ-ਵੋਟ (VBM): Fresno ਕਾਉਂਟੀ ਵਿੱਚ ਸਾਰੇ ਸਰਗਰਮ ਰਜਿਸਟਰਡ ਵੋਟਰਾਂ ਕੋਲ ਇੱਕ ਡਾਕ-ਰਾਹੀਂ-ਵੋਟ ਬੈਲਟ ਹੋਵੇਗਾ ਜੋ ਉਹਨਾਂ ਨੂੰ ਚੋਣ ਤੋਂ 29 ਦਿਨ ਪਹਿਲਾਂ ਡਾਕ ਰਾਹੀਂ ਭੇਜਿਆ ਜਾਵੇਗਾ। ਵੋਟ ਪਾਏ ਡਾਕ ਬੈਲਟਾਂ ਨੂੰ ਕਿਸੇ ਵੀ ਡ੍ਰੌਪ ਬੌਕਸ ਜਾਂ ਕਿਸੇ ਵੀ ਵੋਟ ਕੇਂਦਰ ਵਿਖੇ, ਡਾਕ (ਪੋਸਟੇਜ-ਪੇਡ) ਦੁਆਰਾ ਵਾਪਸ ਕੀਤਾ ਜਾ ਸਕਦਾ ਹੈ।

2. RAVBM (ਰਿਮੋਟ ਅਸੈਂਸਿਬਲ ਵੋਟ ਬਾਈ ਮੇਲ)): Fresno ਕਾਉਂਟੀ ਦੇ ਅੰਦਰ ਸਾਰੇ ਸਰਗਰਮ ਰਜਿਸਟਰਡ ਵੋਟਰ ਚੋਣ ਦਫ਼ਤਰ ਤੋਂ ਪਹੁੰਚਯੋਗ ਬੈਲਟ ਦੀ ਬੇਨਤੀ ਕਰ ਸਕਦੇ ਹਨ। ਬੈਲਟ ਨੂੰ ਵੋਟਰ ਦੇ

ਕੰਪਿਊਟਰ ਤੋਂ ਪਹੁੰਚ ਕੀਤੀ ਜਾ ਸਕਦੀ ਹੈ, ਅਤੇ ਇਸਨੂੰ ਵੋਟਰ ਦੀ ਆਪਣੀ ਸਹਾਇਕ ਤਕਨੀਕ ਦੇ ਨਾਲ ਚਿੰਨ੍ਹਤ ਕੀਤਾ ਅਤੇ ਫਿਰ ਲਾਜ਼ਮੀ ਤੌਰ 'ਤੇ ਪ੍ਰਿੰਟ ਕੀਤਾ ਜਾਣਾ ਚਾਹੀਦਾ ਹੈ। ਇਸ ਬੈਲਟ ਨੂੰ ਕਿਸੇ ਵੀ VBM ਬੈਲਟ (ਡਾਕ, ਬੈਲਟ ਡ੍ਰੌਪ ਬੌਕਸ ਜਾਂ ਵੋਟ ਕੇਂਦਰ) ਦੇ ਵਾਂਗ ਉਸੇ ਤਰੀਕੇ ਨਾਲ ਵਾਪਸ ਕੀਤਾ ਜਾ ਸਕਦਾ ਹੈ। RAVBM ਸੇਵਾ ਦੀ ਵਰਤੋਂ ਬਾਰੇ ਸੁਨੇਹੇ ਵੈੱਬਸਾਈਟ, ਸੋਸ਼ਲ ਮੀਡੀਆ, ਅਤੇ ਕਾਉਂਟੀ ਸੂਚਨਾ ਗਾਈਡ 'ਤੇ ਸ਼ਾਮਲ ਕੀਤੇ ਜਾਣਗੇ। ਉਹਨਾਂ ਏਜੰਸੀਆਂ ਅਤੇ ਸੰਗਠਨਾਂ ਨੂੰ ਸਮੱਗਰੀ ਉਪਲਬਧ ਕਰਵਾਈ ਜਾਵੇਗੀ ਜੋ ਅਸਮਰਥਤਾ ਵਾਲੇ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਦੇ ਹਨ ਤਾਂ ਜੋ ਉਹਨਾਂ ਦੇ ਗਾਹਕਾਂ ਅਤੇ ਮੈਂਬਰਾਂ ਨੂੰ ਉਹਨਾਂ ਦੇ ਸੁਨੇਹਿਆਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਜਾਵੇ।

3. <u>ਬਦਲਵੇਂ ਬੈਲਟ ਦੀਆਂ ਬੇਨਤੀਆਂ:</u> ਸਾਰੇ ਵੋਟਰ (559) 600-VOTE (8683) 'ਤੇ ਫ਼ੋਨ ਕਰਕੇ, (559) 488-3279 'ਤੇ ਬੇਨਤੀ ਨੂੰ ਫੈਕਸ ਕਰਕੇ, ਵੋਟ ਕੇਂਦਰ ਜਾਂ ਚੋਣ ਦਫਤਰ ਵਿਖੇ ਜਾ ਕੇ ਬਦਲਵੇਂ ਬੈਲਟ ਦੀ ਬੇਨਤੀ ਕਰ ਸਕਦੇ ਹਨ।

## B. <u>ਵੋਟ ਕੇਂਦਰ</u>

1. <u>ਵੋਟ ਕੇਂਦਰ ਦੀਆਂ ਲੋਕੇਸ਼ਨਾਂ:</u> ਮਾਰਚ 2020 ਦੀਆਂ ਚੋਣਾਂ ਵਿੱਚ, ਕਾਉਂਟੀ ਨੇ VCA ਮਾਪਦੰਡਾਂ ਨੂੰ ਪੂਰਾ ਕਰਦੇ ਹੋਏ ਅਤੇ ਭਾਈਚਾਰਕ ਭਾਈਵਾਲਾਂ ਦੁਆਰਾ ਸਿਫ਼ਾਰਸ਼ ਕੀਤੇ ਲੋਕੇਸ਼ਨਾਂ ਵਿੱਚ 53 ਵੋਟ ਕੇਂਦਰਾਂ ਦੀ ਵਰਤੋਂ ਕੀਤੀ। 2020 ਨਵੰਬਰ ਦੀਆਂ ਚੋਣਾਂ ਲਈ ਸਿਰਫ਼ 40% ਤੋਂ ਘੱਟ ਵੋਟ ਕੇਂਦਰਾਂ ਨੂੰ ਬਦਲਣ ਦੀ ਲੋੜ ਪਈ ਸੀ, ਮੁੱਖ ਤੌਰ 'ਤੇ COVID-19 ਮਹਾਂਮਾਰੀ ਕਾਰਨ ਪੈਦਾ ਹੋਈਆਂ ਚਿੰਤਾਵਾਂ ਦੇ ਕਾਰਨ। ਸਤੰਬਰ 2021 ਦੀਆਂ ਚੋਣਾਂ ਲਈ 30 ਤੋਂ ਵੱਧ ਵੋਟ ਕੇਂਦਰ ਵਾਪਸ ਚਾਲੂ ਹੋ ਗਏ ਸਨ, ਜਿਨ੍ਹਾਂ ਵਿੱਚ ਜ਼ਿਆਦਾਤਰ ਅਣਉਪਲਬਧ ਲੋਕੇਸ਼ਨਾਂ ਰੀਕਾਲ ਚੋਣਾਂ ਦੇ ਥੋੜ੍ਹੇ ਸਮੇਂ ਦੇ ਨੋਟਿਸ 'ਤੇ ਚਾਲੂ ਹੋਣ ਵਿੱਚ ਅਸਮਰਥ ਸਨ। VCA ਦੇ ਲਾਗੂ ਹੋਣ ਤੋਂ ਬਾਅਦ ਹੋਈਆਂ ਸਾਰੀਆਂ ਚੋਣਾਂ ਤੋਂ ਸਿੱਖਿਆ ਗਿਆ ਇੱਕ ਮੁੱਖ ਸਬਕ ਵੋਟ ਕੇਂਦਰ ਦੀਆਂ ਲੋਕੇਸ਼ਨਾਂ ਨੂੰ ਜਲਦੀ ਨਿਰਧਾਰਿਤ ਕਰਨ ਦੀ ਮਹੱਤਤਾ ਹੈ ਅਤੇ ਕਾਉਂਟੀ 2022 ਅਤੇ 2024 ਵਿੱਚ ਜਦੋਂ ਵੀ ਸੰਭਵ ਹੋਵੇ ਵਰਤੋਂ ਲਈ ਛੇ ਮਹੀਨੇ ਤੋਂ ਇੱਕ ਸਾਲ ਪਹਿਲਾਂ ਲੋਕੇਸ਼ਨਾਂ ਨੂੰ ਰਾਖਵਾਂ ਕਰਨ ਦੀ ਯੋਜਨਾ ਬਣਾ ਰਹੀ ਹੈ। ਜਦੋਂ ਕਿ ਕਾਉਂਟੀ 2022 ਵਿੱਚ ਕਿਸੇ ਵੀ ਚੋਣ ਦੌਰਾਨ 53 ਤੋਂ ਵੱਧ ਵੋਟ ਕੇਂਦਰਾਂ ਦੀ ਲੋੜ ਦੀ ਉਮੀਦ ਨਹੀਂ ਕਰਦੀ ਹੈ, ਪਰ ਫਿਰ ਵੀ ਵਿਕਲਪਕ ਅਤੇ ਵਾਧੂ ਲੋਕੇਸ਼ਨਾਂ ਦਾ ਲਗਾਤਾਰ ਮੁਲਾਂਕਣ ਕੀਤਾ ਜਾਂਦਾ ਹੈ ਅਤੇ ਸੰਭਾਵੀ ਵੋਟ ਕੇਂਦਰ ਸਾਈਟਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

   ਕਈ ਵੋਟ ਕੇਂਦਰਾਂ ਨੂੰ ਸਥਾਪਤ ਕਰਨ ਅਤੇ ਵੋਟ ਕੇਂਦਰਾਂ ਨੂੰ ਲੋਕੇਟ ਕਰਨ ਲਈ VCA ਮਾਪਦੰਡ ਅਤੇ ਫਾਰਮੂਲੇ ਦੀ ਵਰਤੋਂ ਕਰਦੇ ਹੋਏ, ਕਾਉਂਟੀ ਵੋਟ ਕੇਂਦਰਾਂ ਲਈ ਲੋਕੇਸ਼ਨਾਂ ਨੂੰ ਨਿਰਧਾਰਿਤ ਕਰਨ ਲਈ ਸਾਡੇ VAAC, LAAC ਅਤੇ VCAAC ਦੇ ਨਾਲ ਸਿੱਧਾ ਕੰਮ ਕਰਨਾ ਜਾਰੀ ਰੱਖੇਗੀ। ਵੋਟ ਕੇਂਦਰਾਂ ਨੂੰ ਪ੍ਰਮਾਣਿਤ ਸਮਾਜਕ ਪਰਿਵਹਣ ਦੇ ਰਾਹਾਂ ਦੇ ਸੰਭਾਵੀ ਤੌਰ 'ਤੇ ਨੇੜੇ ਹੋਣ ਵਾਲੀਆਂ ਪਹੁੰਚਯੋਗ ਲੋਕੇਸ਼ਨਾਂ 'ਤੇ ਵੋਟਰਾਂ ਲਈ ਵੱਧ ਤੋਂ ਵੱਧ ਸੁਵਿਧਾ ਦੇ ਵਿਕਲਪ ਪ੍ਰਦਾਨ ਕਰਨ ਲਈ ਪੂਰੀ ਕਾਉਂਟੀ ਵਿੱਚ ਬਰਾਬਰ ਢੰਗ ਨਾਲ ਵੰਡਿਆ ਜਾਵੇਗਾ। ਵੋਟ ਕੇਂਦਰਾਂ ਨੂੰ ਅਜਿਹੀਆਂ ਲੋਕੇਸ਼ਨਾਂ 'ਤੇ ਰੱਖਣ ਦਾ ਉਦੇਸ਼ ਹੋਵੇਗਾ ਜਿਨ੍ਹਾਂ ਦਾ ਭਵਿੱਖੀ ਚੋਣਾਂ ਲਈ ਉਪਯੋਗ ਕੀਤਾ ਜਾਵੇਗਾ ਤਾਂ ਕਿ ਵੋਟਰ ਲੋਕੇਸ਼ਨਾਂ ਦੇ ਪ੍ਰਤੀ ਆਦੀ ਹੋ ਜਾਣ। ਵੋਟ ਕੇਂਦਰ ਹਰ ਦਿਨ ਘੱਟੋ-ਘੱਟ 8 ਘੰਟਿਆਂ ਅਤੇ ਚੋਣਾਂ ਵਾਲੇ ਦਿਨ ਲੋੜੀਂਦੇ 13 ਘੰਟਿਆਂ ਲਈ ਖੁੱਲ੍ਹਣਗੇ। ਦੱਸ ਵੋਟ ਕੇਂਦਰ 11 ਦਿਨਾਂ ਲਈ ਖੁੱਲ੍ਹਣਗੇ, ਅਤੇ ਵਾਧੂ ਵੋਟ ਕੇਂਦਰ ਚਾਰ ਦਿਨਾਂ ਲਈ ਖੁੱਲ੍ਹਣਗੇ।

2. <u>ਵੋਟ ਕੇਂਦਰ ਦੀਆਂ ਸੇਵਾਵਾਂ</u>: ਵੋਟ ਕੇਂਦਰ ਕਿਸੇ ਵੀ Fresno ਕਾਉਂਟੀ ਦੇ ਯੋਗ ਵੋਟਰ ਨੂੰ ਵਿਅਕਤੀਗਤ ਤੌਰ 'ਤੇ ਆਪਣਾ ਬੈਲਟ ਕਾਸਟ ਕਰਨ, ਵੋਟ ਪਾਉਣ ਲਈ ਰਜਿਸਟਰ ਕਰਨ ਜਾਂ ਆਪਣੀ ਵੋਟਰ ਰਜਿਸਟ੍ਰੇਸ਼ਨ ਨੂੰ ਅੱਪਡੇਟ ਕਰਨ ਦੀ ਆਗਿਆ ਦੇਣਗੇ। ਚੋਣਾਂ ਤੋਂ ਬਿਲਕੁਲ ਪਹਿਲਾਂ ਵਾਲੇ 14 ਦਿਨਾਂ ਦੇ ਦੌਰਾਨ ਜਾਂ ਚੋਣਾਂ ਵਾਲੇ ਦਿਨ, ਕੋਈ ਵੀ ਵੋਟਰ ਕੰਡੀਸ਼ਨਲ ਵੋਟਰ ਰਜਿਸਟ੍ਰੇਸ਼ਨ (CVR) ਨੂੰ ਪੂਰਾ ਕਰ ਕੇ ਇੱਕ ਸ਼ਰਤੀਆ ਬੈਲਟ ਵਿੱਚ ਵੋਟ ਪਾ ਸਕਦਾ ਹੈ। ਵੋਟਰ ਸਾਰੇ ਵੋਟ ਕੇਂਦਰਾਂ ਵਿਖੇ ਸੇਵਾ ਦਾ ਉੱਚ ਪੱਧਰ ਪ੍ਰਾਪਤ ਕਰਣਗੇ। ਵੋਟਰ ਕਿਸੇ ਵੀ ਵੋਟ ਕੇਂਦਰ ਵਿਖੇ ਉਨ੍ਹਾਂ ਦੇ ਵੋਟ ਪਾਏ VBM ਬੈਲਟਾਂ ਨੂੰ ਵੀ ਡ੍ਰੌਪ-ਆਫ਼ ਕਰ ਸਕਦੇ ਹਨ।

3. <u>ਤਕਨਾਲੋਜੀ</u>: ਵੋਟ ਕੇਂਦਰਾਂ ਨੂੰ ਕਾਉਂਟੀ ਦੇ ਇਲੈਕਸ਼ਨ ਜਾਣਕਾਰੀ ਪ੍ਰਬੰਧਨ ਸਿਸਟਮ (EIMS) ਦੇ ਨਾਲ ਜੋੜਿਆ ਜਾਵੇਗਾ ਤਾਂਕਿ ਵੋਟ ਕੇਂਦਰ ਦਾ ਸਟਾਫ਼ ਹਰੇਕ ਵੋਟਰ ਦੀ ਵੋਟ ਪਾਉਣ ਦੀ ਸਥਿਤੀ ਦੀ, ਵਾਸਤਵਿਕ ਸਮੇਂ ਵਿੱਚ, ਪੁਸ਼ਟੀ ਕਰ ਸਕੇ। ਬੈਲਟ ਨੂੰ "ਮੰਗ ਕਰਨ 'ਤੇ" ਪ੍ਰਿੰਟ ਕੀਤਾ ਜਾਵੇਗਾ ਤਾਂ ਕਿ ਹਰ ਵੋਟਰ ਉਚਿਤ ਬੈਲਟ ਪ੍ਰਾਪਤ ਕਰੇ।

4. <u>ਅਸਮਰਥ ਲੋਕਾਂ ਲਈ ਪਹੁੰਚ ਯੂਨਿਟ ਅਤੇ ਸਟਾਫ਼</u>: ਵੋਟ ਕੇਂਦਰਾਂ ਕੋਲ ਘੱਟੋ-ਘੱਟ ਤਿੰਨ ਪਹੁੰਚਯੋਗ ਮਾਰਕਿੰਗ ਡੀਵਾਈਸ (Image Cast X) ਹੋਣਗੇ। ਸਾਰੇ ਵੋਟ ਕੇਂਦਰ ਅਮੇਰੀਕਨਜ਼ ਵਿਦ ਡਿਸੇਬਿਲਿਟੀਜ਼ ਐਕਟ (ADA) ਦੀ ਪਾਲਣਾ ਵਿੱਚ ਹੋਣਗੇ, ਅਤੇ ਸਟਾਫ਼ ਖਾਸ ਲੋੜਾਂ ਵਾਲੇ ਵੋਟਰਾਂ ਦੀ ਮਦਦ ਕਰੇਗਾ। ਸਾਰੀਆਂ ਵੋਟ ਕੇਂਦਰ ਸੇਵਾਵਾਂ ਅਸਮਰਥਤਾ ਵਾਲੇ ਲੋਕਾਂ ਲਈ ਉਪਲਬਧ ਹੋਣਗੀਆਂ।

5. <u>ਵੋਟ ਕੇਂਦਰ ਦਾ ਸਟਾਫ਼</u>: ਵੋਟ ਕੇਂਦਰਾਂ ਵਿਖੇ ਚੋਣ ਬੋਰਡ ਮੈਂਬਰਾਂ ਦੀ ਸੰਖਿਆ ਦੀ ਰੇਂਜ ਉਮੀਦੀ ਟਰਨਆਊਟ ਅਤੇ ਵੋਟ ਕੇਂਦਰ ਦੇ ਆਕਾਰ 'ਤੇ ਨਿਰਭਰ ਕਰਦੇ ਹੋਏ ਚਾਰ ਤੋਂ 10 (ਪੂਰੇ-ਸਮੇਂ ਦੀ ਸਮਾਨਤਾ) ਦੀ ਹੋਵੇਗੀ।

6. <u>ਭਾਸ਼ਾ ਸੇਵਾਵਾਂ</u>: ਦੁਭਾਸ਼ੀ ਚੋਣ ਬੋਰਡ ਦੇ ਮੈਂਬਰਾਂ ਨੂੰ ਫੈਡਰਲ ਵੋਟਿੰਗ ਰਾਈਟਸ ਐਕਟ ਅਤੇ ਰਾਜ ਸਕੱਤਰ ਦੀਆਂ ਲੋੜਾਂ ਮੁਤਾਬਕ ਵੋਟ ਕੇਂਦਰਾਂ 'ਤੇ ਨਿਯਤ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਕਾਉਂਟੀ ਸਾਰੇ ਵੋਟ ਕੇਂਦਰਾਂ 'ਤੇ ਅਨੁਵਾਦ ਸੇਵਾਵਾਂ ਦੇ ਪੂਰਕ ਵਜੋਂ ਲੋੜੀਂਦੀਆਂ ਭਾਸ਼ਾਵਾਂ ਵਿੱਚ ਇੱਕ ਟੈਲੀਫ਼ੋਨ ਅਨੁਵਾਦ ਸੇਵਾ ਪ੍ਰਦਾਨ ਕਰੇਗੀ।

   Fresno ਕਾਉਂਟੀ ਦੇ ਸਾਰੇ ਵੋਟ ਕੇਂਦਰਾਂ ਵਿੱਚ ਸਪੈਨਿਸ਼ ਬੋਲਣ ਵਾਲੇ ਇਲੈਕਸ਼ਨ ਬੋਰਡ ਦੇ ਮੈਂਬਰ ਹੋਣਗੇ। ਇਸ ਤੋਂ ਇਲਾਵਾ, California ਇਲੈਕਸ਼ਨ ਕੋਡ ਸੈਕਸ਼ਨ 14201 ਦੇ ਹੋਰ ਲੋੜੀਂਦੇ ਭਾਸ਼ਾ ਖੇਤਰਾਂ ਵਿੱਚ ਜਾਂ ਇਹਨਾਂ ਦੇ ਨਾਲ ਲੱਗਦੇ ਵੋਟ ਕੇਂਦਰਾਂ ਵਿੱਚ ਚੋਣ ਬੋਰਡ ਦੇ ਅਜਿਹੇ ਮੈਂਬਰਾਂ ਦਾ ਸਟਾਫ਼ ਲਗਾਇਆ ਜਾਵੇਗਾ ਜੋ ਲੋੜੀਂਦੀ(ਆਂ) ਭਾਸ਼ਾ(ਵਾਂ) ਬੋਲਦੇ ਹਨ। ਸਾਰੇ ਵੋਟ ਕੇਂਦਰਾਂ 'ਤੇ ਸਾਰੀ ਵੋਟਿੰਗ ਸਮੱਗਰੀ ਅਤੇ ਸਹਾਇਤਾ ਸਪੈਨਿਸ਼ ਭਾਸ਼ਾ ਵਿੱਚ ਪ੍ਰਦਾਨ ਕੀਤੀ ਜਾਵੇਗੀ। California ਇਲੈਕਸ਼ਨਜ਼ ਕੋਡ ਸੈਕਸ਼ਨ 14201 ਨਾਲ ਸੰਬੰਧਿਤ ਖਾਸ ਭਾਸ਼ਾ ਖੇਤਰਾਂ ਵਿੱਚ ਜਾਂ ਇਹਨਾਂ ਦੇ ਨਾਲ ਲੱਗਦੇ ਵੋਟ ਕੇਂਦਰਾਂ ਵਿੱਚ ਅਨੁਵਾਦਿਤ ਸਮੱਗਰੀ ਅਤੇ ਖਾਸ ਭਾਸ਼ਾ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

7. <u>ਪਹੁੰਚਯੋਗ ਵੋਟ ਪਾਉਣ ਵਾਲੇ ਬੂਥ</u>: ਸਾਰੇ ਵੋਟ ਕੇਂਦਰਾਂ ਵਿੱਚ ਪਹੁੰਚਯੋਗ ਵੋਟ ਪਾਉਣ ਵਾਲੇ ਬੂਥ ਹੋਣਗੇ ਤਾਂ ਕਿ ਸਾਰੇ ਵੋਟਰ ਨਿੱਜੀ ਤੌਰ 'ਤੇ ਅਤੇ ਸੁਤੰਤਰ ਤੌਰ 'ਤੇ ਵੋਟ ਪਾ ਸਕਣ।

8. <u>ਮੋਬਾਈਲ ਵੋਟਿੰਗ ਸੇਵਾਵਾਂ ਬਾਰੇ ਵਿਚਾਰ:</u> ਕਾਉਂਟੀ ਨੇ 2020 ਜਾਂ 2021 ਵਿੱਚ ਕੋਈ ਮੋਬਾਈਲ ਸਾਈਟ ਨਹੀਂ ਚਲਾਈ। ਕਾਉਂਟੀ 2022 ਲਈ ਮੋਬਾਈਲ ਵੋਟਿੰਗ ਸੇਵਾਵਾਂ ਨੂੰ ਲਾਗੂ ਕਰਨ ਦੀ ਸਰਗਰਮੀ ਨਾਲ ਪੜਚੋਲ ਕਰ ਰਹੀ ਹੈ ਜੋ ਕਿ ਇੱਕ ਉਚਿਤ ਮੋਬਾਈਲ ਯੂਨਿਟ ਦੀ ਉਪਲਬਧਤਾ ਅਤੇ ਯੂਨਿਟ ਦੀ ਖਰੀਦ ਅਤੇ ਸਟਾਫਿੰਗ ਲਈ ਲੋੜੀਂਦੇ ਵਿੱਤੀ ਸਰੋਤਾਂ ਦੀ ਉਪਲਬਧਤਾ 'ਤੇ ਨਿਰਭਰ ਕਰਦਾ ਹੈ। ਕਾਉਂਟੀ ਉਹਨਾਂ ਖੇਤਰਾਂ ਵਿੱਚ ਮੋਬਾਈਲ ਸੇਵਾਵਾਂ ਪ੍ਰਦਾਨ ਕਰੇਗੀ ਜਿੱਥੇ ਉਚਿਤ ਸਹੂਲਤ ਦੀ ਘਾਟ ਕਾਰਨ ਵੋਟ ਕੇਂਦਰ ਨਹੀਂ ਹੋ ਸਕਦੇ ਜਾਂ ਅਜਿਹੀਆਂ ਐਮਰਜੈਂਸੀ ਸਥਿਤੀਆਂ ਵਿੱਚ ਵਿੱਚ ਮੋਬਾਈਲ ਸੇਵਾਵਾਂ ਪ੍ਰਦਾਨ ਕਰੇਗੀ ਜੋ ਨਿਯਮਿਤ ਤੌਰ 'ਤੇ ਯੋਜਨਾਬੱਧ ਵੋਟ ਕੇਂਦਰ ਲੋਕੇਸ਼ਨਾਂ ਦੇ ਕੰਮਕਾਜ ਵਿੱਚ ਵਿਘਨ ਪਾਉਂਦੀਆਂ ਹਨ।

9. <u>ਜਨਤਕ ਆਵਾਜਾਈ:</u> 2020 ਦੀਆਂ ਦੋਵਾਂ ਚੋਣਾਂ ਵੇਲੇ ਚਾਰ ਦਿਨਾਂ ਦੀ ਵੋਟਿੰਗ ਮਿਆਦ ਦੇ ਦੌਰਾਨ ਕਾਉਂਟੀ ਵਿੱਚ ਉਹਨਾਂ ਲੋਕਾਂ ਨੂੰ ਜਨਤਕ ਆਵਾਜਾਈ ਮੁਫ਼ਤ ਪ੍ਰਦਾਨ ਕੀਤੀ ਗਈ ਸੀ ਜੋ ਕਿਸੇ ਵੋਟ ਕੇਂਦਰ ਵਿੱਚ ਜਾਣਾ ਚਾਹੁੰਦੇ ਸਨ। ਕਾਉਂਟੀ ਟ੍ਰਾਂਜ਼ਿਟ ਭਾਈਵਾਲਾਂ ਨਾਲ ਇਸ ਪ੍ਰੋਗਰਾਮ ਨੂੰ ਜਾਰੀ ਰੱਖੇਗੀ।

ਵੋਟ ਕੇਂਦਰ ਖਾਕਾ ਚਿੱਤਰਾਂ ਲਈ ਨੱਥੀ-ਦਸਤਾਵੇਜ਼ G ਨੂੰ ਦੇਖੋ।
ਗਿਆਤ ਵੋਟ ਕੇਂਦਰ ਲੋਕੇਸ਼ਨਾਂ ਲਈ ਨੱਥੀ-ਦਸਤਾਵੇਜ਼ H ਨੂੰ ਦੇਖੋ (ਬਦਲੇ ਜਾ ਸਕਦੇ ਹਨ)।
ਚੋਣ ਬੋਰਡ ਮੈਂਬਰਾਂ ਦੀ ਸੰਖਿਆ ਅਤੇ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਲਈ ਨੱਥੀ-ਦਸਤਾਵੇਜ਼ I ਨੂੰ ਦੇਖੋ।

**C.** <u>ਬੈਲਟ ਡ੍ਰੌਪ ਬੌਕਸ</u>

1. <u>ਡ੍ਰੌਪ ਬਾਕਸ ਲੋਕੇਸ਼ਨ ਅਤੇ ਗਿਣਤੀ:</u> ਕਾਉਂਟੀ ਨੇ ਮਾਰਚ 2020 ਤੋਂ ਸ਼ੁਰੂ ਹੋਣ ਵਾਲੇ 24 ਘੰਟੇ ਦੇ ਬਾਹਰੀ ਪਹੁੰਚਯੋਗ ਡ੍ਰੌਪ ਬੌਕਸ ਪ੍ਰੋਗਰਾਮ ਨੂੰ ਲਾਗੂ ਕਰਨ ਦਾ ਫੈਸਲਾ ਕੀਤਾ ਹੈ। ਕਾਉਂਟੀ ਨੇ ਮਾਰਚ 2020 ਦੀਆਂ ਚੋਣਾਂ ਲਈ VCA ਮਾਪਦੰਡ ਅਤੇ ਭਾਈਚਾਰੇ ਤੋਂ ਮਿਲੀ ਇਨਪੁੱਟ ਦੇ ਅਧਾਰ 'ਤੇ ਲੋਕੇਸ਼ਨ ਟਾਰਗੇਟਿੰਗ ਦੀ ਵਰਤੋਂ ਕਰਦੇ ਹੋਏ 44 ਬੈਲਟ ਡ੍ਰੌਪ ਬੌਕਸ ਸਥਾਪਤ ਕੀਤੇ ਹਨ। ਜਿਨ੍ਹਾਂ ਭਾਈਚਾਰਿਆਂ ਵਿੱਚ ਵੋਟ ਕੇਂਦਰ ਨਹੀਂ ਸਨ, ਉਨ੍ਹਾਂ ਨੂੰ ਬੈਲਟ ਡ੍ਰੌਪ ਬੌਕਸ ਲਗਾਉਣ ਲਈ ਤਰਜੀਹ ਦਿੱਤੀ ਗਈ ਸੀ। ਪ੍ਰੋਗਰਾਮ ਨੂੰ ਨਵੰਬਰ 2020 ਦੀਆਂ ਚੋਣਾਂ ਲਈ 66 ਡ੍ਰੌਪ ਬਾਕਸਾਂ ਤੱਕ ਵਧਾ ਦਿੱਤਾ ਗਿਆ ਅਤੇ ਸਾਰੇ ਵਾਪਸ ਕੀਤੇ ਬੈਲਟਾਂ ਵਿੱਚੋਂ 40% ਤੋਂ ਵੱਧ Fresno ਕਾਉਂਟੀ ਬੈਲਟ ਡ੍ਰੌਪ ਬਾਕਸ ਦੁਆਰਾ ਇਕੱਤਰ ਕੀਤੇ ਗਏ ਸਨ। ਸਤੰਬਰ 2021 ਦੀਆਂ ਚੋਣਾਂ ਵਿੱਚ 95% ਵਾਪਸੀ ਦੀ ਭਾਗੀਦਾਰੀ ਦਰ ਦੇ ਨਾਲ, 2020 ਅਤੇ 2021 ਵਿੱਚ ਸਿਰਫ਼ ਕੁਝ ਕੁ ਲੋਕੇਸ਼ਨਾਂ ਨੇ ਪ੍ਰੋਗਰਾਮ ਤੋਂ ਹਟਣ ਦੀ ਚੋਣ ਕੀਤੀ ਹੈ।

   ਬੈਲਟ ਡ੍ਰੌਪ ਬੌਕਸਾਂ ਦੀ ਗਿਣਤੀ ਨੂੰ ਨਿਰਧਾਰਿਤ ਕਰਨ ਅਤੇ ਡ੍ਰੌਪ ਬੌਕਸਾਂ ਦਾ ਪਤਾ ਲਗਾਉਣ ਲਈ VCA ਮਾਪਦੰਡ ਅਤੇ ਫਾਰਮੂਲੇ ਦੀ ਵਰਤੋਂ ਕਰਦੇ ਹੋਏ, ਕਾਉਂਟੀ, ਡ੍ਰੌਪ ਬੌਕਸਾਂ ਦੀਆਂ ਲੋਕੇਸ਼ਨਾਂ ਨੂੰ ਨਿਰਧਾਰਿਤ ਕਰਨ ਲਈ ਸਾਡੇ VAAC, LAAC, ਅਤੇ VCAAC ਦੇ ਨਾਲ ਸਿੱਧਾ ਕੰਮ ਕਰਨਾ ਜਾਰੀ ਰੱਖੇਗੀ। ਬੈਲਟ ਡ੍ਰੌਪ ਬੌਕਸਾਂ ਨੂੰ ਚੋਣਾਂ ਵਾਲੇ ਦਿਨ ਸਮੇਤ ਘੱਟੋ-ਘੱਟ 29 ਦਿਨਾਂ ਬਾਅਦ ਖੋਲ੍ਹਿਆ ਜਾਵੇਗਾ। ਜੇ ਡ੍ਰੌਪ ਬੌਕਸ ਇਮਾਰਤਾਂ ਦੇ ਅੰਦਰ ਸਥਿਤ ਹਨ, ਤਾਂ ਉਨ੍ਹਾਂ ਨੂੰ ਘੱਟੋ-ਘੱਟ ਨਿਯਮਿਤ ਕੰਮਕਾਜੀ ਸਮੇਂ ਲਈ ਖੋਲ੍ਹਿਆ ਜਾਵੇਗਾ, ਅਤੇ ਕੁਝ ਡ੍ਰੌਪ ਬੌਕਸ ਬਾਹਰ ਹੋਣਗੇ ਅਤੇ ਪ੍ਰਤੀ ਦਿਨ 24 ਘੰਟਿਆਂ ਲਈ ਖੁੱਲ੍ਹੇ ਰਹਿਣਗੇ। ਸਾਰੇ ਡ੍ਰੌਪ ਬੌਕਸ ADA ਅਨੁਕੂਲ ਹੋਣਗੇ ਜਾਂ ਵਿਸ਼ੇਸ ਤੌਰ 'ਤੇ ਆਟੋਮੋਬਾਈਲ ਪਹੁੰਚ (ਡਰਾਈਵ-ਅੱਪ ਪਹੁੰਚ) ਵਾਲੇ ਹੋਣਗੇ।

ਗਿਆਤ ਬੈਲਟ ਡ੍ਰੌਪ ਬਾਕਸ ਲੋਕੇਸ਼ਨਾਂ ਲਈ ਨੱਥੀ-ਦਸਤਾਵੇਜ਼ J ਨੂੰ ਦੇਖੋ (ਬਦਲੇ ਜਾ ਸਕਦੇ ਹਨ)।

**D.** <u>ਟੋਲ-ਫ੍ਰੀ ਫ਼ੋਨ ਤੱਕ ਪਹੁੰਚ</u>

1. <u>ਫ਼ੋਨ ਤੱਕ ਪਹੁੰਚ:</u> ਟੋਲ-ਫ੍ਰੀ ਫ਼ੋਨ ਤੱਕ ਪਹੁੰਚ ਦੀ ਸਾਰੇ ਕੰਮਕਾਜੀ ਘੰਟਿਆਂ ਦੇ ਦੌਰਾਨ ਸਮਰਥਨ ਲਈ ਪੇਸ਼ਕਸ਼ ਕੀਤੀ ਜਾਂਦੀ ਹੈ। ਕਾਲ ਕਰਨ ਵਾਲਿਆਂ ਦੀ ਫੈਡਰਲ ਤੌਰ 'ਤੇ ਲੋੜੀਂਦੀਆਂ ਭਾਸ਼ਾਵਾਂ ਵਿੱਚ ਸਹਾਇਤਾ ਕਰਨ ਲਈ ਸਟਾਫ਼ ਉਪਲਬਧ ਹੈ ਅਤੇ ਕਾਉਂਟੀ, California ਚੋਣ ਕੋਡ ਸੈਕਸ਼ਨ 14201 ਦੀਆਂ ਲੋੜੀਂਦੀਆਂ ਭਾਸ਼ਾਵਾਂ ਵਿੱਚ ਵੋਟਰਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਚੋਣ ਦੇ ਦਿਨ ਤੋਂ ਇੱਕ ਮਹੀਨੇ ਪਹਿਲਾਂ ਭਾਸ਼ਾ ਸੇਵਾ ਪ੍ਰਦਾਨ ਕਰੇਗੀ।

   ਟੋਲ-ਫ੍ਰੀ ਹੌਟਲਾਈਨ (844) 977-8683
   California ਰਿਲੇ ਸੇਵਾ (ਬੋਲਣ ਅਤੇ ਸੁਣਨ ਸੰਬੰਧੀ ਵਿਕਾਰ) 711

**E.** <u>ਅਸਮਰਥਤਾ ਵਾਲੇ ਵੋਟਰਾਂ ਵੱਲੋਂ ਪਹੁੰਚ</u>

1. <u>VAAC:</u> Fresno ਕਾਉਂਟੀ VAAC ਅਸਮਰਥਤਾ ਵਾਲੇ ਵੋਟਰਾਂ ਅਤੇ ਅਸਮਰਥਤਾ ਵਾਲੇ ਵੋਟਰਾਂ ਦੁਆਰਾ ਸਾਹਮਣਾ ਕੀਤੀਆਂ ਜਾਣ ਵਾਲੀਆਂ ਚੁਣੌਤੀਆਂ ਨੂੰ ਹੱਲ ਕਰਨ ਬਾਰੇ ਜਨੂਨ ਅਤੇ ਸਮਝ ਰੱਖਣ ਵਾਲੇ ਭਾਈਚਾਰਕ ਮੈਂਬਰਾਂ ਦੀ ਬਣੀ ਇੱਕ ਸਰਗਰਮ ਕਮੇਟੀ ਹੈ। VAAC ਕਾਉਂਟੀ ਚੋਣਾਂ ਨੂੰ ਇਸ ਵਿਸ਼ੇ ਸੰਬੰਧੀ ਸਲਾਹ-ਮਸ਼ਵਰਾ ਦੇ ਰਹੀ ਹੈ, ਉਨ੍ਹਾਂ ਦੀ ਸਹਾਇਤਾ ਕਰ ਰਹੀ ਹੈ, ਅਤੇ ਇਸ ਸੰਬੰਧੀ ਸਿਫ਼ਾਰਸ਼ਾਂ ਪ੍ਰਦਾਨ ਕਰ ਰਹੀ ਹੈ ਕਿ ਅਸਮਰਥਤਾ ਵਾਲੇ ਵੋਟਰ ਸੁਤੰਤਰ ਤੌਰ 'ਤੇ ਅਤੇ ਨਿੱਜੀ ਤੌਰ 'ਤੇ ਵੋਟ ਕਿਵੇਂ ਪਾ ਸਕਦੇ ਹਨ। VAAC Fresno ਕਾਉਂਟੀ ਅੰਦਰ VCA ਨੂੰ ਅਪਨਾਉਣ ਦੌਰਾਨ ਸਰਗਰਮੀ ਨਾਲ ਸ਼ਾਮਲ ਸੀ ਅਤੇ VCA ਦੇ ਜਾਰੀ ਲਾਗੂਕਰਨ ਵਿੱਚ ਸਰਗਰਮੀ ਨਾਲ ਸ਼ਾਮਲ ਹੈ।

2. <u>ਪਹੁੰਚਯੋਗ ਬੈਲਟ ਮਾਰਕਿੰਗ ਡੀਵਾਈਸ:</u> ਕਾਉਂਟੀ ਵੋਟ ਪਾਉਣ ਦੀ ਪ੍ਰਕਿਰਿਆ ਵਿੱਚ ਪਹੁੰਚਯੋਗਤਾ ਵਿੱਚ ਸੁਧਾਰ ਕਰਨ ਲਈ ਵਚਨਬੱਧ ਹੈ। ਵੋਟ ਕੇਂਦਰਾਂ ਨੂੰ ਪਹੁੰਚ ਅਤੇ ਭਾਗੀਦਾਰੀ ਲਈ ਸਮਾਨ ਅਵਸਰ ਪ੍ਰਦਾਨ ਕਰਨ ਲਈ ਘੱਟੋ-ਘੱਟ ਤਿੰਨ ਪਹੁੰਚਯੋਗ ਬੈਲਟ ਮਾਰਕਿੰਗ ਡੀਵਾਈਸਾਂ (Image Cast X) ਦੇ ਨਾਲ ਲੈਸ ਕੀਤਾ ਜਾਵੇਗਾ ਜਿਵੇਂ ਕਿ ਉਨ੍ਹਾਂ ਵੋਟਰਾਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ ਜੋ ਅਸਮਰਥ ਨਹੀਂ ਹਨ, ਜਿਨ੍ਹਾਂ ਵਿੱਚ ਨਿਜੀ ਤੌਰ 'ਤੇ ਅਤੇ ਸੁਤੰਤਰ ਤੌਰ 'ਤੇ ਵੋਟ ਪਾਉਣ ਦੀ ਯੋਗਤਾ ਸ਼ਾਮਲ ਹੈ। ਇਸ ਦਸਤਾਵੇਜ਼ ਦੇ ਪਹਿਲੇ ਭਾਗ ਵਿੱਚ ਸਿੱਖਿਆ ਅਤੇ ਪਹੁੰਚ ਸੰਬੰਧੀ ਯੋਜਨਾ ਮੀਡੀਆ ਲਈ ਯੋਜਨਾਵਾਂ ਅਤੇ ਟੋਲ-ਫ੍ਰੀ ਨੰਬਰ ਅਤੇ ਰਿਮੋਟ ਅਸੈਸਿਬਲ ਵੋਟ-ਬਾਏ-ਮੇਲ (RAVBM) ਸਿਸਟਮ ਨੂੰ ਉਤਸ਼ਾਹਿਤ ਕਰਨ ਬਾਰੇ ਖਾਸੀਅਤਾਂ ਦਾ ਵਰਣਨ ਕਰਦੀ ਹੈ।

3. <u>ਰਿਮੋਟ ਅਸੈਸਿਬਲ ਵੋਟਿੰਗ:</u> ਸਾਰੇ ਸਰਗਰਮ Fresno ਕਾਉਂਟੀ ਦੇ ਰਜਿਸਟਰਡ ਵੋਟਰ ਡਾਊਨਲੋਡ ਕਰਨ ਯੋਗ ਬੈਲਟ ਦੀ ਬੇਨਤੀ ਕਰਨ ਲਈ, ਰਿਮੋਟ ਅਸੈਸਿਬਲ ਡਾਕ-ਰਾਹੀਂ-ਵੋਟ (RAVBM) ਦੇ ਜ਼ਰੀਏ, ਆਨਲਾਈਨ ਵੋਟ ਕਰਨ ਦੀ ਚੋਣ ਕਰ ਸਕਦੇ ਹਨ। RAVBM ਵੋਟਰਾਂ ਨੂੰ ਕਿਸੇ ਅਧਿਕਾਰਤ ਵੈੱਬਸਾਈਟ ਤੋਂ ਵੋਟਰ ਨੂੰ ਇੱਕ VBM ਬੈਲਟ ਇਲੈਕਟ੍ਰੋਨਿਕ ਤੌਰ 'ਤੇ ਭੇਜੇ ਜਾਣ ਦੀ ਬੇਨਤੀ ਕਰਨ ਦੀ ਯੋਗਤਾ ਪ੍ਰਦਾਨ ਕਰਦਾ ਹੈ। ਇਲੈਕਟ੍ਰੋਨਿਕ ਬੈਲਟ ਨੂੰ ਵੋਟਰ ਦੇ ਕੰਪਿਊਟਰ 'ਤੇ ਡਾਊਨਲੋਡ ਕੀਤਾ ਜਾ ਸਕਦਾ ਹੈ, ਅਤੇ ਇਸਨੂੰ ਵੋਟਰ ਦੀ ਆਪਣੀ ਸਹਾਇਕ ਤਕਨੀਕ ਦੇ ਨਾਲ ਚਿੰਨ੍ਹਤ ਕੀਤਾ ਅਤੇ ਫਿਰ ਲਾਜ਼ਮੀ ਤੌਰ 'ਤੇ ਪ੍ਰਿੰਟ ਕੀਤਾ ਜਾਣਾ ਚਾਹੀਦਾ ਹੈ। ਇਸ ਬੈਲਟ ਨੂੰ ਕਿਸੇ ਵੀ VBM ਬੈਲਟ (ਡਾਕ, ਬੈਲਟ ਡ੍ਰੌਪ ਬੌਕਸ ਜਾਂ ਵੋਟ ਕੇਂਦਰ) ਦੇ ਵਾਂਗ ਉਸੇ ਤਰੀਕੇ ਨਾਲ ਵਾਪਸ ਕੀਤਾ ਜਾ ਸਕਦਾ ਹੈ।

**F.** ਸੁਰੱਖਿਆ/ਅਚਨਚੇਤ ਘਟਨਾ ਲਈ ਯੋਜਨਾ

1. ਸੁਰੱਖਿਆ: ਜਦੋਂ ਵੋਟ ਕੇਂਦਰ ਦਾ ਸੰਚਾਲਨ ਨਹੀਂ ਹੋ ਰਿਹਾ ਹੁੰਦਾ ਹੈ, ਤਾਂ ਸਾਈਟ ਅਤੇ ਸਾਜ਼ੋ-ਸਾਮਾਨ ਨੂੰ ਜਾਂਚੇ ਗਏ ਅਤੇ ਪ੍ਰਮਾਣਿਤ ਸੁਰੱਖਿਆ ਪ੍ਰੋਟੋਕੋਲਾਂ ਦੇ ਜ਼ਰੀਏ ਸੁਰੱਖਿਅਤ ਕੀਤਾ ਜਾਵੇਗਾ ਜਿਵੇਂ ਕਿ ਟੈਂਪਰ-ਐਵੀਡੈਂਟ ਸੀਲਾਂ ਅਤੇ ਸੁਰੱਖਿਅਤ ਸਟੋਰੇਜ ਸੁਵਿਧਾਵਾਂ।

2. ਵਿਘਨ ਦੀ ਰੋਕਥਾਮ: ਸੁਰੱਖਿਆ ਅਤੇ ਅਚਨਚੇਤ ਘਟਨਾ ਸੰਬੰਧੀ ਯੋਜਨਾਵਾਂ ਵੋਟ ਪਾਉਣ ਵਿੱਚ ਪੈਣ ਵਾਲੇ ਵਿਘਨ ਤੋਂ ਬਚਣ ਅਤੇ ਇਹ ਯਕੀਨੀ ਬਣਾਉਣ ਲਈ ਲਾਗੂ ਹਨ ਕਿ ਚੋਣਾਂ ਦਾ ਸਹੀ ਢੰਗ ਨਾਲ ਸੰਚਾਲਨ ਕੀਤਾ ਜਾ ਸਕੇ। ਹਰੇਕ ਵੋਟ ਕੇਂਦਰ ਲਈ ਘੱਟੋ-ਘੱਟ ਇੱਕ ਪਹੁੰਚਯੋਗ ਬੈਲਟ ਮਾਰਕਿੰਗ ਡੀਵਾਈਸ (Image Cast X) 'ਤੇ ਇੱਕ ਬਿਨਾਂ ਰੁਕਾਵਟ ਬਿਜਲੀ ਦੇ ਸਰੋਤ (UPS) ਦੀ ਵਰਤੋਂ ਕੀਤੀ ਜਾਵੇਗੀ ਅਤੇ ਘੱਟੋ-ਘੱਟ ਇੱਕ ਚੈੱਕ-ਇਨ ਸਟੇਸ਼ਨ ਦਾ ਸਮਰਥਨ ਕਰਨ ਲਈ ਇੱਕ ਵੱਖਰਾ UPS ਵਰਤਿਆ ਜਾਵੇਗਾ। ਬੈਂਕ ਅੱਪ/ਰਿਪਲੇਸਮੈਂਟ ਸਾਜ਼ੋ-ਸਾਮਾਨ ਰੋਵਿੰਗ ਇਨਫਾਰਮੇਸ਼ਨ ਟੈਕਨੋਲੋਜੀ (IT) ਟੀਮਾਂ ਕੋਲ ਉਪਲਬਧ ਹੋਣਗੇ। ਵੋਟ ਪਾਉਣ ਦੀ ਸੁਵਿਧਾ ਕਾਉਂਟੀ ਚੋਣਾਂ ਦੇ ਦਫ਼ਤਰ ਦੀ ਇਮਾਰਤ ਵਿਖੇ ਉਪਲਬਧ ਹੈ, ਜਿੱਥੇ ਐਮਰਜੈਂਸੀ ਪਾਵਰ ਜਨਰੇਟਰ ਲੱਗਿਆ ਹੈ। ਸਾਰੇ ਵੋਟ ਕੇਂਦਰਾਂ ਵਿੱਚ ਬਾਕੀ ਦੇ ਸਾਰੇ ਵੋਟ ਕੇਂਦਰ ਦੀਆਂ ਲੋਕੇਸ਼ਨਾਂ ਦੀ ਇੱਕ ਸੂਚੀ ਹੋਵੇਗੀ ਤਾਂ ਕਿ ਜੇ ਲੋੜ ਪੈਂਦੀ ਹੈ ਤਾਂ ਵੋਟਰਾਂ ਨੂੰ ਨਜ਼ਦੀਕੀ ਵੋਟ ਕੇਂਦਰ 'ਤੇ ਭੇਜਿਆ ਜਾ ਸਕੇ।

**G.** ਲਾਗਤ ਸੰਬੰਧੀ ਬਚਤਾਂ

1. ਲਾਗਤਾਂ: Fresno ਦੀ ਕਾਉਂਟੀ ਨੇ 2019 ਵਿੱਚ ਇੱਕ ਨਵੀਂ ਵੋਟਿੰਗ ਪ੍ਰਣਾਲੀ ਖਰੀਦੀ ਹੈ ਤਾਂ ਜੋ ਪਹਿਲਾਂ ਵਰਤੀ ਜਾ ਰਹੀ 20 ਸਾਲ ਪੁਰਾਣੀ ਪ੍ਰਣਾਲੀ ਨੂੰ ਬਦਲਿਆ ਜਾ ਸਕੇ। ਨਵੀਂ ਵੋਟਿੰਗ ਪ੍ਰਣਾਲੀ ਲਈ ਸਾਜ਼ੋ-ਸਾਮਾਨ, ਲਾਇਸੰਸ, ਅਤੇ ਪੰਜ ਸਾਲਾਂ ਦੀ ਮਿਆਦ ਦੀ ਸਹਾਇਤਾ ਲਈ ਕੁੱਲ ਖਰੀਦ ਮੁੱਲ $2,900,000 ਸੀ। ਰਵਾਇਤੀ ਪ੍ਰਾਂਤਿਕ ਪੋਲਿੰਗ ਸਥਾਨ ਮਾਡਲ ਲਈ ਸਾਜ਼ੋ-ਸਾਮਾਨ ਦੀ ਲਾਗਤ ਦੀ VCA ਮਾਡਲ ਲਈ ਸਾਜ਼ੋ-ਸਾਮਾਨ ਨਾਲੋਂ $1,600,000 ਜ਼ਿਆਦਾ ਲਾਗਤ ਆਉਣ ਦੀ ਉਮੀਦ ਲਗਾਈ ਗਈ ਸੀ, ਇਸ ਦਾ ਪ੍ਰਮੁੱਖ ਕਾਰਨ ਇਹ ਸੀ ਕਿ Fresno ਕਾਉਂਟੀ ਪੋਲਿੰਗ ਸਥਾਨ ਵਿਖੇ ਬੈਲਟ ਟੈਬਿਉਲੇਟਰਸ ਦੀ ਵਰਤੋਂ ਕਰਦੀ ਹੈ। ਇਹ ਸਾਜ਼ੋ-ਸਾਮਾਨ ਵਿੱਚ ਹੋਣ ਵਾਲੀ ਬਚਤ ਇੱਕ-ਵਾਰੀ ਦੀ ਬਚਤ ਹੈ।

   VCA ਮਾਡਲ ਦੇ ਤਹਿਤ ਕੁੱਲ ਚੋਣ ਖਰਚੇ ਮਿਲਾਏ ਗਏ ਹਨ (ਸਾਰਨੀ 1 ਦੇਖੋ)। ਮਾਰਚ 2020 ਰਾਸ਼ਟਰਪਤੀ ਪ੍ਰਾਇਮਰੀ ਲਈ ਕੁੱਲ ਕਾਉਂਟੀ ਲਾਗਤ (NCC) ਪਿਛਲੀਆਂ ਦੋ ਰਾਜ ਵਿਆਪੀ ਚੋਣਾਂ ਦੇ NCC ਤੋਂ ਘੱਟ ਸੀ ਪਰ ਨਵੰਬਰ 2020 ਦੀਆਂ ਰਾਸ਼ਟਰਪਤੀ ਆਮ ਚੋਣਾਂ ਲਈ ਸਾਰੀਆਂ ਲਾਗਤਾਂ ਕਾਫ਼ੀ ਜ਼ਿਆਦਾ ਸਨ। ਨਵੰਬਰ 2020 ਦੀਆਂ ਚੋਣਾਂ ਦੀ ਵਿਲੱਖਣ ਪ੍ਰਕਿਰਤੀ ਕਿਸੇ ਵੀ ਤੁਲਨਾ ਨੂੰ ਸ਼ੱਕੀ ਬਣਾਉਂਦੀ ਹੈ। ਉਪਲਬਧ ਹੋਣ 'ਤੇ ਸਤੰਬਰ 2021 ਰਾਜ ਵਿਆਪੀ ਚੋਣਾਂ ਲਈ ਲਾਗਤਾਂ ਜੋੜ ਦਿੱਤੀਆਂ ਜਾਣਗੀਆਂ।

ਸਾਰਨੀ 1 - ਚੋਣ ਲਾਗਤਾਂ 2018 - 2021

| ਚੋਣ | ਕੁੱਲ ਲਾਗਤ | ਰਾਜ ਅਤੇ ਸੰਘੀ ਗ੍ਰਾਂਟਾਂ | ਨੈੱਟ ਕਾਉਂਟੀ ਲਾਗਤ (1) |
|---|---|---|---|
| ਜੂਨ-2018 | $1,820,000 | | $1,760,000 |
| ਨਵੰਬਰ-2018 | $2,360,000 | | $1,750,000 |
| ਮਾਰਚ-2020 | $3,150,000 | $980,000 | $1,655,000 |
| ਨਵੰਬਰ-2020 | $5,740,000 | $2,560,000 | $2,333,000 |
| ਸਤੰਬਰ-2021 | ਅਣਉਪਲਬਧ ਅਕਤੂਬਰ 2021 | | |

1 - ਭਾਗ ਲੈਣ ਵਾਲੇ ਸੰਗਠਨਾਂ ਨੂੰ ਬਿਲਿੰਗ ਤੋਂ ਬਾਅਦ ਨੈੱਟ ਕਾਉਂਟੀ ਲਾਗਤ

ਡਾਕ, ਤਕਨੀਕੀ ਸਹਾਇਤਾ ਦੀਆਂ ਲਾਗਤਾਂ, ਅਤੇ ਪਹੁੰਚ ਸਮੱਗਰੀ ਅਤੇ ਗਤੀਵਿਧੀਆਂ ਵਿੱਚ ਲਾਗਤ ਵਿੱਚ ਵਾਧਾ ਨੋਟ ਕੀਤਾ ਗਿਆ ਹੈ। ਨਵੰਬਰ 2020 ਵਿੱਚ ਵੀ ਸਟਾਫ਼ ਦੀਆਂ ਲਾਗਤਾਂ ਕਾਫ਼ੀ ਜ਼ਿਆਦਾ ਸਨ। ਪ੍ਰਿੰਟਿੰਗ, ਸਾਜ਼ੋ-ਸਾਮਾਨ ਦੀ ਸਾਂਭ-ਸੰਭਾਲ, ਅਤੇ ਸਟਾਫ਼ ਸੰਬੰਧੀ ਲਾਗਤਾਂ (ਨਵੰਬਰ 2020 ਨੂੰ ਸ਼ਾਮਲ ਨਾ ਕਰਦੇ ਹੋਏ) ਵਿੱਚ ਕਮੀਆਂ ਵੇਖੀਆਂ ਗਈਆਂ ਹਨ। ਰਾਜ ਅਤੇ ਸੰਘੀ ਗ੍ਰਾਂਟਾਂ ਨੇ ਪਹੁੰਚ ਸਮੱਗਰੀ ਅਤੇ ਗਤੀਵਿਧੀਆਂ ਨਾਲ ਜੁੜੇ ਜ਼ਿਆਦਾਤਰ ਵਾਧੇ ਨੂੰ ਆਫਸੈੱਟ ਕੀਤਾ ਹੈ ਅਤੇ COVID-19 ਮਹਾਂਮਾਰੀ ਦੇ ਦੌਰਾਨ ਰਾਜ ਵਿਆਪੀ ਚੋਣ ਦੇ ਸੰਚਾਲਨ ਨੂੰ ਸੰਬੋਧਿਤ ਕਰਨ ਵਿੱਚ ਮਹੱਤਵਪੂਰਨ ਸਹਾਇਤਾ ਪ੍ਰਦਾਨ ਕੀਤੀ ਹੈ। 2021 ਵਿੱਚ ਅਸੈਂਬਲੀ ਬਿੱਲ 37 ਦਾ ਪਾਸ ਹੋਣਾ, ਅਤੇ ਇਸਦੀ ਲੋੜ ਕਿ ਸਾਰੀਆਂ ਕਾਉਂਟੀਆਂ ਸਾਰੇ ਸਰਗਰਮ ਰਜਿਸਟਰਡ ਵੋਟਰਾਂ ਨੂੰ ਇੱਕ ਡਾਕ-ਰਾਹੀਂ-ਬੈਲਟ ਭੇਜਣ, VCA ਮਾਡਲ ਦੀਆਂ ਵਾਧੂ ਲਾਗਤਾਂ ਵਿੱਚੋਂ ਦੇਖੇ ਗਏ ਡਾਕ ਖਰਚਿਆਂ ਨੂੰ ਹਟਾ ਦੇਵੇਗੀ।